ੴ ਸਤਿਗੁਰ ਪ੍ਰਸਾਦਿ ॥

# ਸਿੱਖੀ ਅਤੇ ਸਮਾਜਵਾਦ

## ਮੂਲ ਰੂਪ ਵਿੱਚ

ਸਿੱਖ ਮਿਸ਼ਨਰੀ ਕਾਲਜ (ਰਜ਼ਿ :)

ਲੁਧਿਆਣਾ ਦੁਆਰਾ ਪ੍ਰਕਾਸ਼ਿਤ ਪੁਸਤਕ

ਕ੍ਰਾਂਤਿਕਾਰੀ ਜਗਤ ਗੁਰੂ ਨਾਨਕ ਦੇਵ ਚੈਰਿਟੇਬਲ ਟਰਸਟ, ਚੰਡੀਗੜ੍ਹ

ਲਾਂਚ ਕਰਤਾ : ਜਸਬੀਰ ਸਿੰਘ

Mob. : 099881-60484, 62390-45985

Type Setting : Radheshyam Choudhary

Mob. : 098149- 66882

Download Free

# ਸਿੱਖੀ ਅਤੇ ਸਮਾਜਵਾਦ

ਅਜ ਪੰਜਾਬ ਦੇ ਸਕੂਲਾਂ ਅਤੇ ਕਾਲਜਾਂ ਵਿਚ ਕਮਿਊਨਿਜ਼ਮ ਦਾ ਪਰਚਾਰ ਬੜੇ ਜ਼ੋਰ-ਸ਼ੋਰ ਨਾਲ ਕੀਤਾ ਜਾ ਰਿਹਾ ਹੈ। ਇਸ ਨਾਲ ਸਭ ਤੋਂ ਵਡੀ ਢਾਹ ਸਿੱਖ ਧਰਮ ਨੂੰ ਲੱਗ ਰਹੀ ਹੈ, ਕਿਉਂਕਿ ਸਿੱਖ ਧਰਮ ਹੀ ਇਕ ਅਜਿਹਾ ਧਰਮ ਹੈ ਜੋ ਅਜੋਕੇ ਸਮੇਂ ਵਿਚ ਕਾਰਲ ਮਾਰਕਸ ਦੀ ਵਿਚਾਰਧਾਰਾ ਨਾਲੋਂ ਕਿਤੇ ਵਧੇਰੀ ਚੰਗੀ ਜੀਵਨ-ਜਾਚ ਪੇਸ਼ ਕਰਦਾ ਹੈ। ਇਸ ਲਈ ਮਾਰਕਸੀਆਂ ਨੂੰ ਸਿੱਖ-ਮੱਤ ਆਪਣੇ ਰਾਹ ਵਿਚ ਵੱਡੀ ਰੁਕਾਵਟ ਜਾਪਦਾ ਹੈ। ਸਿੱਖ ਧਰਮ ਨੂੰ ਖਤਮ ਕਰਨ ਦਾ ਉਨ੍ਹਾਂ ਨੇ ਨਵਾਂ ਢੰਗ ਅਪਣਾਇਆ ਹੈ। ਉਹ ਇਹ ਹੈ ਕਿ ਸਿੱਖ ਵਿਚਾਰਧਾਰਾ ਨੂੰ ਮਿਲਗੋਭਾ ਕਰਕੇ, ਹੌਲੀ ਹੌਲੀ ਇਸ ਦਾ ਪੂਰੀ ਤਰ੍ਹਾਂ ਅਭਾਵ ਕੀਤਾ ਜਾ ਸਕੇ। ਹੁਣ ਕਈ ਕਮਿਊਨਿਸਟ ਵਿਦਵਾਨ ਸਮਾਜਵਾਦ (ਜਾਂ ਸਾਮਵਾਦ) ਨੂੰ ਗੁਰਮਤਿ ਦੇ ਨਾਂ ਥਲੇ ਪ੍ਰਚਾਰ ਰਹੇ ਹਨ। ਇਸ ਢੰਗ ਨਾਲ ਸਿੱਖ ਧਰਮ ਦੇ ਸ਼ਰਧਾਲੂਵੀ ਮਾਰਕਸੀ ਵਿਚਾਰਧਾਰਾ ਦੀ ਰੰਗਣ ਵਿਚ ਰੰਗੇ ਜਾ ਰਹੇ ਹਨ ਅਤੇ ਉਹ ਆਪਣੇ ਆਪ ਨੂੰ ਸਿੱਖ ਸਮਝਦਿਆਂ ਹੋਇਆਂ ਵੀ ਸਿੱਖੀ ਤੋਂ ਦੂਰ ਜਾ ਰਹੇ ਹਨ।

ਇਸ ਟਰੈਕਟ ਵਿਚ ਗੁਰਮਤਿ ਅਤੇ ਸਮਾਜਵਾਦ ਵਿਚਲੇ ਫ਼ਰਕ ਨੂੰ ਨਿਖ਼ਾਰ ਕੇ ਪੇਸ਼ ਕੀਤਾ ਗਿਆ ਹੈ। ਪਾਠਕ ਆਪ ਇਹ ਅਨੁਭਵ ਕਰ ਲੈਣਗੇ ਕਿ ਜਿਥੇ ਸਿੱਖ ਧਰਮ ਵਿਚ ਸਮਾਜਵਾਦ ਦੇ ਚੰਗੇ ਤੱਤ ਪਾਏ ਜਾਂਦੇ ਹਨ, ਉਥੇ ਇਹ (ਸਿੱਖ ਧਰਮ) ਸਮਾਜਵਾਦ ਦੇ ਮਨੁੱਖਤਾ ਵਿਰੋਧੀ ਤੱਤਾਂ ਨੂੰ ਨਹੀਂ ਅਪਣਾਉਂਦਾ ਅਤੇ ਆਪਣੇ ਮੰਨਣਹਾਰਿਆਂ ਨੂੰ ਅਜਿਹੀ ਸੇਧ ਦਿੰਦਾ ਹੈ ਕਿ ਜਿਥੇ ਉਹ ਆਪ ਸੁਖੀ ਜੀਵਨ, ਬਤੀਤ ਕਰ ਸਕਣ, ਉਥੇ ਸਮੁਚੇ ਸਮਾਜ ਦੀ ਭਲਾਈ ਲਈ (ਭਾਵੇਂ ਸ਼ਹੀਦੀਆਂ ਵੀ ਕਿਉਂ ਨਾ ਦੇਣੀਆਂ ਪੈਣ) ਵੀ ਜਤਨਸ਼ੀਲ ਰਹਿਣ।

ਸੋਸ਼ਲਿਜ਼ਮ (ਸਮਾਜਵਾਦ) ਸ਼ਬਦ ਦੀ ਵਰਤੋਂ ਸਭ ਤੋਂ ਪਹਿਲਾਂ ਸੰਨ 1833 ਵਿਚ 'ਪੂਅਰ ਮੈਨਜ਼ ਗਾਰਡੀਅਨ' (Poor man's Guardian) ਮੈਗਜ਼ੀਨ ਵਿਚ ਹੋਈ। ਇਸ ਨੂੰ ਇੰਗਲੈਂਡ ਅਤੇ ਫ਼ਰਾਂਸ ਵਿਖੇ ਅਠਾਰ੍ਹਵੀਂ ਸਦੀ ਵਿਚ ਹੋਈਆਂ ਉਦਯੋਗਿਕ ਕ੍ਰਾਂਤੀਆਂ (Industrial Revolutions) ਦੀ ਉਪਜ ਕਿਹਾ ਜਾਂਦਾ ਹੈ। ਇਹ ਸਮਾਜਵਾਦ ਇਕ ਲੰਮੇ ਸਮੇਂ ਲਈ ਵੱਖ ਵੱਖ ਨਾਵਾਂ ਹੇਠ, ਜਿਹਾ ਕਿ-'ਸਾਂਝੀਵਾਲਤਾ' ਅਥਵਾ ਪ੍ਰਾਂਤਿਕ ਸਮਾਜਵਾਦ' (Collectivism, England), ਫੈਬੀਐਨੀਜ਼ਮ, (Fabianism, England),ਸਿੰਡੀਕੈਲੀਜ਼ਮ (Syndicalism, France), ਗਿਲਡ ਸੋਸ਼ਲਿਜ਼ਮ (Guild socialism, England), ਅਤੇ ਕਮੂਨਿਜ਼ਮ (Communism, Russia), ਵਿਚ ਵਧਿਆ ਫੁਲਿਆ। ਇਹਨਾਂ ਨਾਵਾਂ ਦੇ ਸਮਾਜਵਾਦਾਂ ਦੀ ਰੂਪ ਰੇਖਾ, ਸਾਧਨਾਂ ਅਤੇ ਮੁਢਲੇ ਸਿਧਾਂਤਾਂ ਵਿਚ ਵੀ ਅੰਤਰ ਹੈ। ਜੇ ਇਕ ਰਾਜ ਪ੍ਰਬੰਧ ਕਾਇਮ ਰਖਣ ਜਾਂ ਪਰਜਾ-ਤੰਤ੍ਰ ਰਾਹੀਂ ਸਮਾਜ-ਸਿੱਖੀ ਅਤੇ ਸਮਾਜਵਾਦ ਲਿਆਉਣ ਦਾ ਹਾਮੀ ਹੈ, ਤਾਂ ਦੂਜਾ ਇਸ ਦਾ ਅਭਾਵ ਕਰਕੇ, ਕ੍ਰਾਂਤੀ (Revolution), ਰਾਹੀਂ। ਜੇ ਇਕ ਸਿਸਟਮ ਕੇਵਲ ਕਾਮਿਆਂ ਦਾ ਹੀ ਹਮਾਇਤੀ ਹੈ ਤਾਂ ਦੂਜਾ ਨਾਲ ਹੀ ਖ਼ਪਤਕਾਰਾਂ

ਦਾ ਵੀ ਇਤਿਆਦਿ। ਇਸੇ ਲਈ ਇਕ ਮਹਾਨ ਤਰਕਵਾਦੀ (Rationalist) ਮਿਸਟਰ 'ਜੋਡ' ਇਹ ਲਿਖਣ ਉਤੇ ਮਜਬੂਰ ਹੋਇਆ ਸੀ ਕਿ ਸਮਾਜਵਾਦ ਉਸ ਟੋਪੀ ਸਮਾਨ ਹੈ ਜਿਸ ਦੀ ਸ਼ਕਲ ਸੂਰਤ ਹਰੇਕ ਵਿਅਕਤੀ ਦੇ ਪਹਿਨਣ ਕਾਰਣ ਅਸਲੋਂ ਵਿਗੜ ਚੁਕੀ ਹੋਵੇ।

ਕੌਲਿਨਜ਼ ਗਰੈਫਿਕ ਇੰਗਲਿਸ਼ ਡਿਕਸ਼ਨਹੀ ਵਿਚ ਸੋਸ਼ਲਿਜ਼ਮ (ਸਮਾਜਵਾਦ) ਦੇ ਅਰਥ ਇਉਂ ਕੀਤੇ ਗਏ ਹਨ :-

***A system in political economy, advocated land partially adopted, to secure equal distribution of property and wealth in the community and abolish individual and separate rights & interests.***

ਸਮਾਜਵਾਦ ਦੀ ਉਪ੍ਰੋਕਤ ਪਰਿਭਾਸ਼ਾ ਅਥਵਾ ਵਿਆਖਿਆ ਤੋਂ ਇਹ ਤੱਥ ਨਿਖਰ ਕੇ ਸਾਹਮਣੇ ਆਉਂਦੇ ਹਨ :-

(ੳ) ਸਮਾਜਵਾਦ-ਸੰਪਤੀ, ਮਾਲ ਧਨ ਦੀ ਸਮਾਨ ਵੰਡ ਦਾ ਝੰਡਾ ਬਰਦਾਰ ਹੈ।

(ਅ) ਇਹ ਵਿਅਕਤੀਗਤ ਅਥਵਾ ਇਨਫ਼ਰਾਦੀ ਤੌਰ ਉੱਤੇ ਮੰਨੇ ਜਾਂਦੇ ਵਿਸ਼ੇਸ਼ ਅਧਿਕਾਰਾਂ ਤੇ ਰਿਆਇਤਾਂ ਦਾ ਭੋਗ ਪਾਉਂਦਾ ਹੈ।

(ੲ) ਸਮਾਜਵਾਦ ਦੇ ਸਿਧਾਂਤਕ ਤੌਰ ਉਤੇ ਮਿਥੇ ਆਦਰਸ਼ ਤੇ ਟੀਚਿਆਂ ਨੂੰ ਸੰਪੂਰਨ ਤੌਰ ਉਤੇ ਕੀ ਲਾਗੂ ਕਰ ਸਕਣਾ, ਹੁਣ ਤਕ ਸੰਭਵ ਨਹੀਂ ਹੋ ਸਕਿਆ ਹੈ।

(ਸ) ਇਸ ਦਾ ਧਰਮ ਨਾਲ ਕੋਈ ਸੰਬਾਦ (ਝਗੜਾ) ਨਹੀਂ । ਇਕ ਸਮਾਜਵਾਦੀ ਬਣਨ ਲਈ ਜ਼ਰੂਰੀ ਨਹੀਂ ਕਿ ਨਾਸਤਕ ਹੋ ਕੇ ਧਰਮ ਦਾ ਤਿਆਗ ਕੀਤਾ ਜਾਵੇ।

ਸਮਾਜਵਾਦ ਦੀਆਂ ਹਾਮੀ ਵਖ ਵਖ ਵੀਚਾਰ-ਧਰਾਵਾਂ ਵਿਚੋਂ ਵਰਤਮਾਨ ਜੁਗ ਵਿਚ ਵਿਸ਼ੇਸ਼ ਚਰਚਾ ਕਮਯੁਨਿਜ਼ਮ ਅਥਵਾ, "ਵਿਗਿਆਨਕ ਸਮਾਜਵਾਦ" (Scientific Socialism) ਦੀ ਹੈ। ਇਸ ਸੰਬੰਧ ਵਿਚ, ਇਹ ਹਕੀਕਤ ਸਮਝ ਲੈਣੀ ਚਾਹੀਦੀ ਹੈ ਕਿ ਸਾਰੇ ਕਮਯੂਨਿਸਟ, ਸੋਸ਼ਲਿਸਟ (ਸਮਾਜਵਾਦੀ) ਤਾਂ ਹੁੰਦੇ ਹਨ, ਪ੍ਰੰਤੂਸਾਰੇ ਸੋਸ਼ਲਿਸਟ ਕਮਯੂਨਿਸਟ ਨਹੀਂ ਹੁੰਦੇ। ਕਾਰਲ ਮਾਰਕਸ ਤੇ ਉਸ ਦਾ ਸਾਥੀ ਐਂਡਲਜ਼ ਕਮਯੂਨਿਜ਼ਮ-ਵੀਚਾਰਧਾਰਾ ਦੇ, ਜਿਸ ਨੂੰ ਉਹ ਸਾਇੰਟਿਫਿਕ (ਵਿਗਿਆਨਿਕ) ਸਮਾਜਵਾਦ ਆਖਦੇ ਹਨ, ਮੋਢੀ ਹਨ। ਇਹ ਦੋਵੇਂ ਵਿਦਵਾਨ, ਕਮਯੂਨਿਸਟ ਮੈਨੀਫੈਸਟੋ (Communist Manifesto) ਦੇ ਲਿਖਾਰੀ ਵੀ ਹਨ। ਇਸ ਮੈਨੀਫੈਸਟੋ ਅਨੁਸਾਰ ਸਰਮਾਏਦਾਰੀ ਦੀ ਥਾਂ ਸਮਾਜਵਾਦ ਲਿਆਉਣਾ ਹੈ ਅਤੇ ਇਸ ਉਦੇਸ਼ ਦੀ ਪੂਰਤੀ ਲਈ ਜਮਾਤੀ ਜੰਗ (Class war) ਅਤੇ ਇਨਕਲਾਬ (revolution) ਦੇ ਸਿਧਾਂਤਾਂ ਤੇ ਸਾਧਨਾਂ ਨੂੰ ਅਪਣਾਇਆ ਜਾਣਾ ਹੈ।

ਮਾਰਕਸ ਅਨੁਸਾਰ ਮੱਨੁਖ ਦੀ ਹੋਂਦ ਇਸ ਦੀ ਆਤਮਕ ਚੇਤਨਤਾ ਦੇ ਆਸਰੇ ਨਹੀਂ ਟਿਕਦੀ, ਸਗੋਂ ਪਦਾਰਥਵਾਦ ਦੇ ਗਿਰਦ ਘੁੰਮਦੀ ਹੈ, ਉਹ ਲਿਖਦਾ ਹੈ :-

***It is not the conciousness of man that determines his existence, but quite the reverse, it is his social existence that determines his consciousness.***

ਕਾਰਲ ਮਾਰਕਸ ਦੇ ਨਿਸ਼ਚੇ ਤੇ ਵਿਉਂਤ ਦਾ ਸਮਾਜਵਾਦ, ਜਿਸ ਦਾ ਸਭ ਤੋਂ ਵਡਾ ਹਾਮੀ ਲੈਨਿਨ ਸੀ, ਲਿਆਉਣ ਲਈ ਉਸ ਵਲੋਂ ਦਰਸਾਏ ਇਹ ਸਿਧਾਂਤ ਤੇ ਵਸੀਲੇ ਅਪਣਾਉਣੇ ਜ਼ਰੂਰੀ ਹਨ:-

(ੳ) ਕਮਯੂਨਿਸਟ, ਰਾਜਨੀਤਕ ਡੈਮੋਕਰੇਸੀ (ਪ੍ਰਜਾ-ਤੰਤ੍ਰ) ਦੇ ਵਿਧਾਨਕ ਢੰਗਾਂ ਵਿਚ ਵਿਸ਼ਵਾਸ਼ ਨਾ ਰੱਖਣ ਅਤੇ ਵਰਗ ਰਹਿਤ (classless) ਸਮਾਜ ਦੇ ਟੀਜੇ ਤਕ ਪੁਜਣ ਲਈ ਪ੍ਰੋਲੇਤਾਰੀ (ਜੰਤਕ) ਡਿਕਟੇਟਰਸ਼ਿਪ ਦੇ ਹਾਮੀ ਹੋਣ।

(ਅ) ਭਾਂਵੇਂ ਇਨਕਲਾਬ ਸਰਮਾਏਦਾਰਾਂ ਵਿਰੁਧ ਜਮਾਤੀ ਘੋਲ ਕਰਕੇ ਲਿਆਂਦਾ ਜਾਣਾ ਹੈ, ਪਰੰਤੂਜਦ ਇਸ ਨਿਸ਼ਾਨੇ ਦੀ ਪੂਰਤੀ ਹੋ ਜਾਏ ਤਾਂ ਸਭ ਵਰਗ (Classes) ਉਡਾ ਦਿਤੇ ਜਾਣ।

(ੲ) ਜਿਥੇ ਹੀਗਲ ਦਾ ਇਹ ਵੀਚਾਰ ਹੈ, ਕਿ ਕੇਵਲ ਰਾਜ-ਪ੍ਰਬੰਧਕ-ਢਾਚਾ (State) ਹੀ ਵਖ ਵਖ ਵਿਰੋਧੀ-ਹਾਣ ਲਾਭ ਵਾਲੇ ਅਨਸਰਾ ਨੂੰ ਥਾਂ ਸਿਰ ਰਖ ਸਕਦਾ ਹੈ, ਉਥੇ ਮਾਰਕਸ ਤੇ ਲੈਨਿਨ ਦਾ ਵਿਚਾਰ ਹੈ ਕਿ ਇਸ ਢਾਂਚੇ ਨੂੰ ਹੌਲੀ-ਹੌਲੀ ਉੱਕਾ ਹੀ ਖ਼ਤਮ ਕਰ ਦੇਣਾ ਚਾਹੀਦਾ ਹੈ। ਉਹ ਸਟੇਟ (State) ਨੂੰ ਧੱਕੇਸ਼ਾਹੀ ਦਾ ਇਕ ਹਥ ਠੋਕਾ ਸਮਝਦੇ ਹਨ।

ਉਹ ਵੇਖਣਾ ਇਹ ਹੈ ਕਿ ਉਪ੍ਰੋਕਤ ਵੀਚਾਰ, ਜੋ ਵੇਖਣ ਵਿਚ ਬੜੇ ਆਦਰਸ਼ਕ ਤੇ ਦਿਲ-ਖਿਚਵੇਂ ਪ੍ਰਤੀਤ ਹੁੰਦੇ ਹਨ, ਕੀ ਅਮਲੀ ਜੀਵਨ ਵਿਚ ਸੰਭਵ ਵੀ ਹਨ? ਕਿ ਇਹ ਨਿਰਾ ਮਨੌਤੀ ਆਦੱਰਸ਼ਵਾਦ ਹੀ ਤਾਂ ਨਹੀਂ?

ਵਰਨਰ ਸੋਮਬਰਟ-ਇਕ ਪ੍ਰਸਿਧ ਵੀਚਾਰਵਾਨ-ਮਾਰਕਸ ਦੇ ਇਤਿਹਾਸੀ ਆਰਥਕ ਦਾਅਵੇ ਦੀ ਵਿਆਖਿਆ ਦੇ ਵਿਰੁਧ ਹੈ। ਉਸ ਦਾ ਵੀਚਾਰ ਹੈ ਕਿ ਇਤਿਹਾਸ ਵਿਚ ਧਾਰਮਿਕ ਤੇ ਰਾਜਸੀ, ਗੈਰ ਆਰਥਕ ਭਾਵਾਂ ਦਾ ਹੱਥ ਸਚਾ ਉੱਪਰ ਰਿਹਾ ਹੈ। ਮੈਕਸਵੈਬਰ ਦੇ ਵੀਚਾਰ ਵਿਚ ਮੱਨੁਖ ਉਤੇ ਸਦਾ ਧਰਮ ਦਾ ਪਹਿਲਾ ਤੇ ਵਡਾ ਪ੍ਰਭਾਵ ਰਿਹਾ ਹੈ। ਜਾਰਜ ਸੋਰਲ ਇਸ ਗਲ ਉਤੇ ਜ਼ੋਰ ਦਿੰਦਾ ਹੈ ਕਿ ਬਹੁਤ ਵੇਰੀ ਮੱਨੁਖੀ ਮਨ ਉਤੇ ਆਰਥਿਕ ਪ੍ਰਕ੍ਰਿਆਵਾਂ ((Economic Processes) ਨਾਲੋਂ ਕਿਤੇ ਵਧ ਪ੍ਰਭਾਵ ਪਾਉਂਦੇ ਹਨ-ਮਿਥਿਹਾਸ, ਆਦ੍ਰਸ਼ਵਾਦ ਤੇ ਬੀਰਤਾ-ਭਰਪੂਰ ਮਨੋ-ਵੇਗ (ਜਜ਼ਬੇ)। ਮੈਕਸ ਵਰਨਰ ਦਾ ਵਿਸ਼ਵਾਸ ਹੈ ਕਿ ਮਾਰਕਸਵਾਦੀ ਮੱਨੁਖ ਅੰਦਰਲੀਆਂ ਅਨੁਚਿਤ, ਬੇਥਵੀਆਂ ਚਾਲਕ ਰੁਚੀਆਂ ਤੋਂ ਭਲੀ ਭਾਂਤ ਜਾਣੂਨਹੀਂ। ਇਹ ਰੁਚੀਆਂ ਹਨ : ਲੋਕ ਪਰਿਪਾਟੀ, ਪਿਤਾ ਪੁਰਖੀ ਲੀਹਾਂ, ਰਾਸ਼ਟ੍ਰਵਾਦੀ ਭਾਵਨਾਵਾਂ, ਨਸਲੀ ਪੱਖਪਾਤ, ਸਮੂਹਕ ਪਾਗਲ-ਪਣ (Group neuroses) ਅਤੇ ਅਰਧ-ਅਚੇਤ ਮਨੋ-ਵੇਗ (Subconscious impulses)।

ਕਮਯੂਨਿਸਟਾਂ ਦਾ ਸਰਮਾਏਦਾਰੀ ਨੂੰ ਪਲਟਾਉਣ ਤੇ ਸਮਾਜਵਾਦ ਲਿਆਉਣ ਦਾ ਸਾਧਨ-ਕ੍ਰਾਂਤੀ ਅਥਵਾ ਇਨਕਲਾਬ-ਵੀ ਡੂੰਘੀ ਵੀਚਾਰ ਤੇ ਇਸ਼ਲੇਸ਼ਣ ਦਾ ਮੁਥਾਜ ਹੈ। ਇਕ ਵਢੋਂ ਕਟਾ-ਵੱਢ ਤੇ ਅੰਧਾਧੁੰਧ ਬਲ ਪ੍ਰਯੋਗ

ਦੀਆਂ ਹਿੰਸਕ ਕਾਰਵਾਈਆਂ ਕਿਸੇ ਮਿਥੇ ਉੱਚ ਟੀਚੇ ਨੂੰ ਪ੍ਰਾਪਤ ਕਰਨ ਲਈ ਯੋਗ ਸਾਧਨ ਨਹੀਂ ਅਖਵਾ ਸਕਦੇ। ਮਨ ਇੱਛਤ ਉੱਚੇ ਸਿੱਟੇ ਕਢਣ ਲਈ ਸਾਧਨ ਵੀ ਉੱਚ, ਸੁਚੇ ਤੇ ਇਖਲਾਕੀ ਹੀ ਹੋਣੇ ਉਚਿਤ ਹਨ। 'ਲਕਸ਼ (ਟੀਚੇ) ਦੀ ਪ੍ਰਾਪਤੀ, ਸਾਧਨਾਂ ਨੂੰ ਹੱਕ ਬਜਾਨਬ ਕਰਾਰ ਦਿੰਦੀ ਹੈ', ਦਾ ਵੀਚਾਰ ਸੁਆਰਥੀ ਹੈ, ਅਯੋਗ ਹੈ, ਖ਼ਤਰਨਾਕ ਹੈ। ਨਾਲ ਹੀ ਇਹ ਗਲ ਵੀ ਚੇਤੇ ਰਖਣ ਵਾਲੀ ਹੈ ਕਿ ਲਕਸ਼ (End) ਅਤੇ ਸਾਧਨ ਸਦਾ ਬਦਲਦੇ ਰਹਿੰਦੇ ਹਨ। ਜਨ-ਸਾਧਾਰਨ ਅਥਵਾ ਕਿਰਤੀਆਂ ਦੀ ਡਿਕਟੇਟਰਸ਼ਿਪ, ਜਿਸ ਨੂੰ ਖ਼ੂੰਨੀ ਇਨਕਲਾਬ ਦੀ ਪੁਠ ਚੜ੍ਹੀ ਹੁੰਦੀ ਹੈ, ਸਰਮਾਇਦਾਰੀ ਨੂੰ ਨਸ਼ਟ ਕਰਨ ਦੀ ਧੁੰਨ ਵਿਚ, ਜੋ ਜੋ ਅਨਰਥ ਕਰ ਗੁਜ਼ਰਦੀ ਤੇ ਸਮੂਹਕ ਜੋਸ਼ ਤੇ ਨਫ਼ਰਤ ਵਿਚ, ਬਿਨਾ ਵੀਚਾਰੇ, ਹਰ ਚੰਗੀ ਮੰਦੀ, ਸੰਸਥਾ ਤੇ ਕੀਮਤਾਂ ਨੂੰ ਜਿਵੇਂ ਮਲੀਆ-ਮੇਟ ਕਰਦਾ ਹੈ, ਉਸ ਦੇ ਸਾਹਮਣੇ ਸਰਮਾਏਦਾਰਾਂ ਦੀ ਲੁਟ-ਖਸੁਟ, ਧਕੇ ਸ਼ਾਹੀ ਤੇ ਅਤਿਆਚਾਰ ਵੀ ਮਾਤ ਪੈ ਜਾਂਦੇ ਹਨ। ਦੁਵਲਿਓਂ (ਕਮਯੂਨਿਸਟਾਂ ਤੇ ਸਰਮਾਏਦਾਰਾਂ ਵਲੋਂ) ਕੀਤੀਆਂ ਦੋ ਗ਼ਲਤੀਆਂ ਕਿਸੇ ਗ਼ਲਮ ਰੋਸ (ਕਰਤੂਤ) ਨੂੰ ਵਾਜਬ ਸਿਧ ਨਹੀਂ ਕਰ ਸਕਦੀਆਂ। ਯਥਾਰਥ ਗਲ ਤਾਂ ਇਹੀ ਹੈ ਕਿ ਉਚੇਰੇ ਟੀਚਿਆਂ ਦੀ ਪ੍ਰਾਪਤੀ ਲਈ ਸਾਧਨ ਵੀ ਉਤਨੇ ਹੀ ਸਰੇਸ਼ਟ ਤੇ ਉਚੇਰੇ ਹੋਣੇ ਚਾਹਿਦੇ ਹਨ।

ਜੇ ਕਮਯੂਨਿਸਟ ਕਿਸੇ ਮੱਤ ਦੇ ਮਜ਼ਹਬੀ ਤਅੱਸਬ (ਕਟੜ ਪੁਣੇ) ਨੂੰ ਨਿੰਦਦੇ ਅਤੇ ਜਬਰ ਹੇਠ 'ਦੀਨ ਜਾਂ ਮੌਤ' ਦੀ ਚੋਣ ਦੀ ਨਿਖੇਧੀ ਕਰਦੇ ਤੇ ਧਰਮ ਦੀਆਂ ਉਸਾਰੂਰੁਚੀਆਂ ਦੀਆਂ ਵੀ ਧੱਜੀਆਂ ਉਡਾਉਂਦੇ ਹਨ ਤਾਂ ਕਮਯੂਨਿਸਟਾਂ ਦੇ ਸਮਾਜਵਾਦ ਵਿਚ ਵੀ 'ਪਾਰਟੀ ਦੀ ਵਫਾਦਾਰੀ ਜਾਂ ਗੋਲੀ' ਦੇ ਰਵੱਯੇ ਨੂੰ ਕਿਵੇਂ ਸਲਾਹਿਆ ਜਾਵੇਗਾ? ਸਿੱਖੀ ਦੇ ਦ੍ਰਿਸ਼ਟੀਕੋਣ ਤੋਂ ਦੋਵੇਂ ਜਬਰ (ਮਜ਼੍ਹਬੀ ਤੇ ਮਾਰਕਸਵਾਦੀ) ਇਕ ਸਮਾਨ ਨਿੰਦਨੀਯ ਹਨ। ਸਮਾਜਵਾਦਿਕ ਫ਼ਿਲਾਸਫ਼ੀ ਸੰਬੰਧੀ ਮਹਾਨ ਗ੍ਰੰਥ ਲਿਖਣ ਵਾਲੇ ਸਮਾਜਵਾਦੀ ਦੰਪਤੀ ਲਿਖਾਰੀ-ਬੀਟਰਿਸ ਅਤੇ ਸਿਡਨੀ ਵੈਬ-ਵੀ 'ਮਾਰਕਸਵਾਦ ਦੇ ਕਟੱੜਪੁਣੇ ਦੀ ਇਸ ਬੀਮਾਰੀ ਉਤੇ ਦੁਖ ਤੇ ਅਫਸੋਸ ਪ੍ਰਗਟ ਕਰਦੇ ਹਨ। ਜੇ ਡੂੰਘੀ ਨਜ਼ਰ, 'ਠਰੰਮੇ ਤੇ ਨਿਰਪੱਖਤਾ ਨਾਲ ਵੀਚਾਰਿਆ ਜਾਵੇ ਤਾਂ ਪ੍ਰੋਲੇਤਾਰੀਆਂ (ਕਿਰਤੀ ਜੰਤਾ) ਦੀ ਹਿੰਸਕ ਤੇ ਤਸ਼ੱਦਦ ਭਰੀ ਡਿਕਟੇਟਰਸ਼ਿਪ ਭਲਾ ਸ਼ਾਂਤੀ ਤੇ ਸਾਹਿਕਾਰਤਾ-ਭਰਪੂਰ ਸਦੀਵੀ ਸਾਂਝਾ ਰਾਜ ਕਿਵੇਂ ਅਸਥਾਪਨ ਕਰ ਸਕੇਗੀ? ਕਿੱਕਰ ਬੀਜ ਕੇ ਅੰਗੂਰਾਂ ਦੀ ਆਸ ਰੱਖਣੀ ਫਜ਼ੂਲ ਹੈ। ਇਸ ਨੁਕਤੇ ਨੂੰ ਇਕ ਤੰਤਿਕ ਸਿਖਿਆਦਾਇਕ ਕਹਾਣੀ ਦੁਆਰਾ ਸਪਸ਼ਟ ਕਰਨਾ ਵਧੇਰੇ ਉੱਚਿਤ ਰਹੇਗਾ :

ਇਕ ਵਾਰ ਇਕ ਜੰਗਲ ਦੇ ਬਘਿਆੜਾਂ ਨੇ ਇਕੱਠੇ ਬੈਠ ਇਹ ਮਤਾ ਪਕਾਇਆ ਕਿ "ਜੇ ਅਸੀਂ ਸਾਰੇ ਇਕ ਮੁਠ ਹੋ ਜਾਈਏ ਤਾਂ ਕੋਈ ਜਨੌਰ ਵੀ ਸਾਡੇ ਅਗੇ ਨਹੀਂ ਟਿਕ ਸਕਦਾ।" ਮਤਾ ਸਰਬ ਸੰਮਤੀ ਨਾਲ ਪ੍ਰਵਾਨ ਹੋਇਆ ਤੇ ਉਹ ਲੱਗੇ ਵਾਰੋ ਵਾਰ ਸਭ ਜਾਨਵਰਾਂ ਦਾ ਸ਼ਿਕਾਰ ਕਰਨ। ਆਖ਼ਰ ਜਦ ਸ਼ੇਰ ਤੋਂ ਸਿਵਾ ਉਹਨਾਂ ਨੇ ਸਭ ਨੂੰ ਸਮੇਟ ਲਿਆ, ਤਾਂ ਇਕ ਦਿਨ ਇਕੱਠੇ ਹੋ ਕੇ ਸ਼ੇਰ ਨੂੰ ਪੈ ਗਏ।

ਹੁਣ ਜਦ ਜੰਗਲ ਵਿਚ ਖਾਣ ਨੂੰ ਕੋਈ ਜਾਨਵਰ ਵੀ ਨਾ ਰਿਹਾ ਤਾਂ ਉਹਨਾਂ ਨੇ ਫਿਰ ਇਕ ਇਕੱਠ ਕੀਤਾ ਤੇ ਵੀਚਾਰਿਆ ਕਿ ਹੁਣ ਕੀ ਕੀਤਾ ਜਾਵੇ। ਮੂੰਹ ਲਹੂ ਲਗ ਚੁਕਾ ਹੈ, ਸ਼ਿਕਾਰ ਕਿਥੋਂ ਮਿਲੇ। ਆਖ਼ਰ ਫੈਸਲਾ ਹੋਇਆ ਕਿ

ਹੁਣ ਇਹ ਪਈ ਵਾਦੀ ਤਾਂ ਜਾਣੀ ਨਹੀਂ, ਇਸ ਲਈ ਆਪਣੇ ਵਿਚੋਂ ਹੀ ਜਿਸ ਨੂੰ ਜ਼ਰਾ ਹੁੰਘਲਾਉਂਦਾ, ਅਵੇਸਲਾ ਜਾਂ ਲਿਸਾ ਤਕੋ, ਉਸ ਨੂੰ ਪੈ ਜਾਵੋ। ਆਖ਼ਰ ਅਜਿਹਾ ਹੀ ਹੋਣ ਲਗਾ।

ਉਪ੍ਰੋਕਤ ਕਹਾਣੀ ਹੈ ਤਾਂ ਸਾਧਾਰਣ, ਪ੍ਰੰਤੂ ਹੈ ਮਨੋਵਿਗਿਆਨਕ ਸਚਾਈ ਨਾਲ ਭਰਪੂਰ। ਪਈਆਂ ਹੋਈਆਂ ਵਾਦੀਆਂ, ਸੁਭਾਵਾਂ ਵਿਚ ਬਦਲਕੇ, ਸਿਰਾਂ ਨਾਲ ਜਾਂਦੀਆਂ ਹਨ। ਵਾਰਸ ਸ਼ਾਹ ਨੇ ਇਸ ਹਕੀਕਤ ਨੂੰ ਇਉਂ ਬਿਆਨ ਕੀਤਾ ਸੀ :-

**ਵਾਰਿਸ਼ ਸ਼ਾਹ ਨ ਆਦਤਾਂ ਜਾਂਦੀਆਂ ਨੇ,**

**ਭਾਵੇਂ ਕੱਟੀਏ ਪੋਰੀਆਂ ਪੋਰੀਆਂ ਜੀ।**

ਇਹ ਗਲ ਕਿਤਨੀ ਅਜੀਬ ਤੇ ਹਾਸੋ ਹੀਣੀ ਪ੍ਰਤੀਤ ਹੁੰਦੀ ਹੈ, ਕਿ ਸਮਾਜਵਾਦ ਦੇ ਇਹ ਸ਼ੈਦਾਈ, ਜਿਨ੍ਹਾਂ ਨੂੰ ਬਿਨਾਂ ਕਿਸੇ ਦਬਾਅ ਜਾਂ ਪ੍ਰਾਧੀਨਤਾ ਦੇ, ਵਰਗ-ਰਹਿਤ ਅਤੇ ਰਾਜ-ਪ੍ਰਬੰਧ-ਰਹਿਤ (Classless and Stateless) ਸੁਸਾਇਟੀ ਦਾ ਸੁਹਾਉਣਾ ਸੁਪਨਾ ਵਿਖਾਇਆ ਜਾ ਰਿਹਾ ਹੋਵੇ, ਉਹ ਤਸ਼ੱਦਦ, ਧੱਕਾ ਸ਼ਾਹੀ ਅਤੇ ਅਗ ਪਾਣੀ ਜਿਹੇ ਹਥਿਆਰਾਂ ਨਾਲ ਲੈਸ ਹੋ ਕੇ ਆਪਣੇ ਕਥਿਤ 'ਆਦਰਸ਼ਕ' ਨਿਸ਼ਾਨੇ ਵਲ ਮਾਰਚ ਕਰਨ। * He who rises by the sword, shall perish by the sword, shall perish by the sword (ਜੇਹੜਾ ਤਸ਼ੱਦਦ ਨਾਲ ਉਭਰੇਗਾ, ਉਹ ਤਸ਼ੱਦਦ ਨਾਲ ਹੀ ਨਸ਼ਟ ਹੋਵੇਗਾ) ਅਜਿਹੇ ਮਾਰੂ ਸਾਧਨਾਂ ਨਾਲ ਤਾਂ ਅੰਦਰਲੀਆਂ ਸ੍ਵੈਚਾਲਕ ਤੇ ਉਪਜਾਊ ਸ਼ਕਤੀਆਂ ਤੇ ਪਰਜਾ-ਤੰਤ੍ਰ-ਰੁਚੀਆਂ ਦਾ ਸਾਹ ਹੀ ਘੁਟਿਆ ਜਾਵੇਗਾ।

ਇੰਗਲੈਂਡ ਦੀ ਫ਼ੈਬੀਐਨੀਜ਼ਮ (Febianism) ਜੋ ਇਕ ਸਮਾਜਵਾਦੀ ਸੁਸਾਇਟੀ ਹੈ ਅਤੇ ਜਿਸ ਨੂੰ ਸਿਡਨੀਵੈਬ, ਜਾਰਜ ਬਰਨਾਰਡ ਸ਼ਾ, ਸਿਡਨੀ ਔਲਿਵਰ, ਗ੍ਰਾਹਮ ਵੈਲਜ਼, ਸ੍ਰੀ ਮਤੀ ਐਨੀ ਬੇਸੰਤ, ਹੈਡਲਾਮ, ਅਤੇ ਪੀਜ਼ ਜਿਹੀਆਂ ਅਗਾਂਹ ਵਧੂ ਵੀਚਾਰਾਂ ਵਾਲੀਆਂ ਹਸਤੀਆਂ ਨੇ ਕਾਇਮ ਕੀਤਾ, ਮਾਰਕਸਵਾਦ ਦੇ 'ਜਮਾਤੀ-ਘੋਲ' (Class-Struggle) ਦੀ ਨਿੰਦਿਆ ਕਰਦੀ ਹੈ ਅਤੇ ਸ਼ਾਤੀ ਭਰਪੂਰ ਢੰਗਾਂ ਨਾਲ ਸਮਾਜਵਾਦ ਤੇ ਪ੍ਰਜਾ ਤੰਤਰ-ਵਿਕਸਤ-ਰਾਜ-ਪ੍ਰਬੰਧ ਵਲ ਵਧਣ ਦਾ ਮਸ਼ਵਰਾ ਦੇਂਦੀ ਹੈ। ਇਸੇ ਤਰ੍ਹਾਂ ਹੋਰ ਲੋਕਰਾਜੀ ਵੀਚਾਰਵਾਨ ਵੀ ਮਾਰਕਸ ਦੀ ਜਮਾਤੀ ਘੋਲ (Class Struggle) ਦੀ ਧਾਰਨਾ ਨੂੰ ਪ੍ਰਵਾਨ ਨਹੀਂ ਕਰਦੇ।

ਵੇਖੋ, ਸਟਾਲਿਨ ਨੂੰ ਵੀ ਵਿਸ਼ਵ ਯੁਧ ਸਮੇਂ ਮਾਰਕਸਵਾਦੀ ਸਿਧਾਂਤਾਂ ਦੇ ਉਲਟ ਦੂਜੀਆਂ ਡੈਮੋਕ੍ਰੈਟਿਕ ਤਾਕਤਾਂ ਦਾ ਮਿਲਵਰਤਣ ਲੈਣਾ ਪਿਆ ਸੀ। ਕਮਯੂਨਿਸਟ ਪਾਰਟੀ ਦੇ ਵੀਹਵੇਂ ਸਮੇਲਣ ਨੇ ਵੀ ਅਗਾਂਹ

* ਫੁਟਨੋਟ

**Violence begets Violence. (ਹਿੰਸਾ ਤੋਂ ਹਿੰਸਾ ਹੀ ਪੈਦਾ ਹੁੰਦੀ ਹੈ)। ਏਥੇ ਇਹ ਗਲ ਵੀ ਨੋਟ ਕਰਨ ਵਾਲੀ ਹੈ ਕਿ ਕਮਯੂਨਿਸਟ ਦੇਸ਼ਾ ਵਿਚ ਲੀਡਰਸ਼ਿਪ ਨੂੰ ਆਪਣਾ ਪੰਜਾ ਕਾਇਮ ਰਖਣ ਲਈ ਸਦਾ ਸੁਚੇਤ ਰਹਿਣਾ ਪੈਂਦਾ ਹੈ ਕਿ ਕਿਤੇ ਪਾਰਟੀ ਦੇ ਅੰਦਰੋਂ ਜਾਂ ਬਾਹਰੋਂ ਕੋਈ ਉੱਥਲ ਨ ਕਰ ਦੇਵੇ। ਸਮੇਂ-ਸਮੇਂ ਹੁੰਦੇ 'ਸਫਾਏ' (purges) ਵੀ ਏਸੇ ਡਰ ਦੀ ਉਪਜ ਹਨ।**

ਵਧੂਤਾਕਤਾਂ ਨਾਲ ਸਹਿਯੋਗ ਤੇ ਮੇਲ ਮਿਲਾਪ ਕਰਨ ਦੇ ਸਿਧਾਤ ਨੂੰ ਮੰਨਿਆ ਹੈ। ਗਲ ਕੀ ਕਾਰਲ ਮਾਰਕਸ ਦੀ ਸਮਾਜਵਾਦੀ ਫ਼ਿਲਾਸਫ਼ੀ ਸੰਪੂਰਨ ਤੌਰ ਉਤੇ ਨਾ ਹੀ ਰੂਸ ਵਿਚ ਲਾਗੂਕੀਤੀ ਜਾ ਸਕੀ ਹੈ ਅਤੇ ਨਾ ਹੀ ਕਿਸੇ ਹੋਰ ਦੇਸ਼ ਵਿਚ। ਹਾਂ, ਇਹ ਦੂਜੇ ਦੇਸ਼ਾਂ ਦੇ ਕਮਯੂਨਿਸਟਾਂ ਲਈ 'ਵੇਦ ਮੰਤਰ' ਤੇ "ਕਿਬਲਾ ਕਾਅਬਾ" ਅਵੱਸ਼ ਹੈ। ਜਦ ਕਮਯੂਨਿਯਟਾਂ ਦੀ ਵੀਹਵੀਂ ਕਾਂਗਰਸ ਇਹ ਮੰਨ ਗਈ ਹੈ ਕਿ ਹਰੇਕ ਦੇਸ਼ ਦੇ ਵਾਸੀ ਉਥੋਂ ਦੇ ਹਾਲਾਤ ਅਨੁਸਾਰ ਸਮਾਜਵਾਦ ਲਿਆਉਣ, ਤਾਂ ਫਿਰ ਅੰਧਾ ਧੁੰਦ ਖ਼ੂਨੀ ਇਨਕਲਾਬ ਲਈ ਦੂਜੇ ਦੇਸ਼ਾਂ ਦੇ ਇਸ਼ਾਰੇ ਜਾਂ ਕੇਵਲ ਮੰਤਕੀ ਸਿਧਾਂਤਾਂ ਉਤੇ ਤੁਰਨਾ ਕਿਥੋਂ ਤਕ ਠੀਕ ਹੈ?

## ਸ਼ਕਤੀ ਵੀ ਵਰਤੋਂ

ਕਿਸੇ ਮੰਤਵ ਵੀ ਪੂਰਤੀ ਲਈ, ਬਲ ਪ੍ਰਯੋਗ ਅਥਵਾ ਤਾਕਤ ਦੀ ਵਰਤੋਂ ਦੀ ਸਮਸਿਆ ਕੁਝ ਵਧੇਰੇ ਵਿਆਖਿਆ ਦੀ ਮੁਥਾਜ ਹੈ। ਸ੍ਰੀ ਦਸਮੇਸ਼ ਜੀ ਨੇ ਸਿੱਖ ਨੂੰ 'ਸੰਤ' ਵੀ ਬਣਾਇਆ ਤੇ 'ਸਿਪਾਹੀ' ਵੀ, ਸਿੱਖ ਇਕੋ ਸਮੇਂ 'ਸੰਤ' ਵੀ ਹੈ ਤੇ 'ਸਿਪਾਹੀ' ਵੀ । ਜੇ ਕੇਵਲ ਸਿਪਾਹੀ ਹੋਵੇਗਾ ਉਹ ਤਾਕਤ ਦੀ ਦੁਰ-ਵਰਤੋਂ ਕਰੇਗਾ ਅਤੇ ਜੋ ਕੇਵਲ 'ਸੰਤ' ਹੈ ਉਹ ਜਰਵਾਨਿਆਂ ਤੋਂ ਨੇਕੀ ਦੀ ਰਾਖੀ ਨਹੀਂ ਕਰ ਸਕਦਾ। ਭਗਤੀ ਤੇ ਸ਼ਕਤੀ ਦਾ ਸੰਤੁਲਤ (ਸਾਂਵਾਂ) ਸਮੇਲ ਹੀ ਜੀਵਨ ਰੱਥ ਦੀ ਸਾਂਵੀਂ ਪੱਧਰੀ ਤੇ 'ਉਲਾਰ ਰਹਿਤ' ਤੌਰ ਦਾ ਜ਼ਾਮਨ ਹੋ ਸਕਦਾ ਹੈ। ਕਿਸੇ ਇਕ ਪਾਸੇ ਵਲ ਉਲਾਰ ਮੱਨੁਖ ਨੂੰ ਜਾਂ ਤਾਂ ਜਾਬਰ ਨਿਰਦਈ ਤੇ ਧਕੇ-ਖ਼ੋਰ ਬਣਾ ਦੇਵੇਗਾ ਅਤੇ ਜਾਂ ਨਤਾਣਾ, ਕਾਇਰ ਤੇ ਬੇ-ਬਸ । ਏਸੇ ਲਈ ਸਿੱਖ ਧਰਮ ਖਾਸ ਹਾਲਤਾਂ ਤੇ ਸ਼ਰਤਾਂ ਅਧੀਨ ਸ਼ਕਤੀ ਦੀ ਵਰਤੋਂ ਦਾ ਹਾਮੀ ਹੈ, ਅਤੇ ਇਹ ਸ਼ਰਤਾਂ ਹਨ :-

(ੳ) ਗੁਰੂਕੇ ਸਿੱਖ ਨੇ ਕਦੀ ਵੀ ਸੁਆਰਥ, ਲੋਭ, ਲਾਲਚ ਜਾਂ ਕ੍ਰੋਧ ਵਸ ਹੋ ਕੇ ਬਲ ਦਾ ਪ੍ਰਯੋਗ ਨਹੀਂ ਕਰਨਾ।

(ਅ) ਸ਼ਕਤੀ ਦੀ ਵਰਤੋਂ ਉਦੋਂ ਤੇ ਕੇਵਲ ਉਦੋਂ ਕਰਨੀ ਹੈ, ਜਦ ਹੋਰ ਸਾਰੇ ਸਾਧਨ ਅਜ਼ਮਾਏ ਜਾ ਚੁਕੇ ਹੋਣ। ਇਸ ਸੰਬੰਧੀ ਸ੍ਰੀ ਗੁਰੂਗੋਬਿੰਦ ਸਿੰਘ ਜੀ ਵਲੋਂ ਜ਼ਫ਼ਨਾਮੇ ਵਿਚ ਦਿੱਤੀ ਸੇਧ ਨੂੰ ਮੁਖ ਰਖਣਾ ਹੈ।

**ਚੂਕਾਰ ਅਜ ਹਮਾ ਹੀਲਤੇ ਦਰ ਗੁਜ਼ਸ਼ਤ ॥**

**ਹਲਾਲ ਅਸਤ ਬੁਰਦਨ ਬ-ਸ਼ਮਸ਼ੀਰ ਦਸਤ ॥**

(**ਭਾਵ**-ਜਦ ਗਲ ਸਾਰਿਆਂ ਹੀਲਿਆਂ ਤੋਂ ਲੰਘ ਜਾਵੇ ਤਾਂ ਤਲਵਾਰ ਉਠਾਉਣੀ ਜਾਇਜ਼ ਹੈ)

(ੲ) ਸ਼ਕਤੀ ਦੀ ਵਰਤੋਂ ਰਣ-ਖੇਤਰ ਵਿਚ ਟਾਕਰੇ ਲਈ ਨਿਤਰੇ ਜਵਾਨਾਂ ਵਿਰੁਧ ਹੋਵੇ, ਨਾਂ ਕਿ ਇਕ ਨਿਰਦੋਸ਼ੇ-ਬੁਢੇ ਮਰਦਾਂ, ਔਰਤਾਂ ਤੇ ਬਚਿਆਂ ਵਿਰੁਧ ਕਤਲਿਆਮ ਲਈ?

(ਸ) ਸਿੱਖ ਇਸ ਅਸੂਲ ਦਾ ਕਾਇਲ ਨਹੀਂ ਕਿ ਯੁਧ ਵਿਚ ਸਭ ਕੁਝ ਜਾਇਜ਼ ਹੈ, - (All is fair in love & war) । ਤਲਵਾਰ ਉਠਾਉਣ ਵੇਲੇ ਜੰਗਾਂ-ਯੁਧਾਂ ਵਿਚ ਉਸ ਵੇਲੇ ਦੇ ਉੱਚੇ, ਸੁਚੇ ਚਲਨ ਦੀ ਪਧਰ ਪਹਿਲੇ

ਵਾਂਗ ਕਾਇਮ ਰਹੇ। ਇਹ ਉੱਚਤਾ ਕੇਵਲ ਕਥਨੀ ਮਾਤ੍ਰ ਅਥਵਾ ਹਵਾਈ ਗਲ ਦੀ ਨਹੀਂ, ਸਗੋਂ ਦੋਸਤ ਤਾਂ ਕੀ ਦੁਸ਼ਮਣ ਵੀ ਜੋ ਨਫ਼ਰਤ ਨਾਲ 'ਸਿੰਘ' ਨੂੰ 'ਸਗ' (ਕੁਤਾ) ਕਰਕੇ ਪੁਕਾਰਦੇ ਤੇ ਲਿਖਦੇ ਹਨ ਉਹ ਵੀ ਯੁਧ ਸਮੇਂ ਸਿੰਘਾਂ ਦੇ ਪਵਿਤ੍ਰ ਚਾਲ-ਚਲਣ ਤੇ ਹੋਰ ਗੁਣਾਂ ਦੀ ਗਵਾਹੀ ਇਸ ਪ੍ਰਕਾਰ ਦੇਣ ਉਤੇ ਮਜ਼ਬੂਰ ਹੁੰਦੇ ਹਨ :-

"ਇਹ (ਸਗ-ਕੁੱਤੇ) (ਭਾਵ ਸਿੰਘ) ਕਿਸੇ ਨਾਮਰਦ ਉਤੇ ਵਾਰ ਨਹੀਂ ਕਰਦੇ ਅਤੇ ਨਾ ਹੀ ਰਣ ਵਿਚੋਂ ਭਜੇ ਜਾਂਦੇ ਦਾ ਰਾਹ ਰੋਕਦੇ ਹਨ- ਭਾਵ, ਭਜੇ ਜਾਂਦੇ ਉਤੇ ਵਾਰ ਨਹੀਂ ਕਰਦੇ। ਔਰਤ ਭਾਵੇਂ ਉਹ ਕਿਤਨੀ ਹੀ ਸੁੰਦਰ ਰਾਣੀ ਅਥਵਾ ਦਾਸੀ ਹੋਵੇ, ਉਸ ਨੂੰ ਅਤੇ ਉਸ ਦੇ ਗਹਿਣੇ ਗੱਟੇ ਆਦਿ ਨੂੰ ਛੋਂਹਦੇ ਤਕ ਨਹੀਂ। ਇਹਨਾਂ 'ਕੁੱਤਿਆਂ' ਵਿਚ ਨਾ ਹੀ ਕੋਈ ਜ਼ੱਨਾਹੀ (ਵਿਸ਼ੇ ਵਿਕਾਰ-ਗ੍ਰਸਤ) ਹੁੰਦਾ ਹੈ ਅਤੇ ਨਾ ਹੀ ਚੋਰ। ਔਰਤ ਭਾਵੇਂ ਜਵਾਨ ਹੋਵੇ, ਭਾਵੇਂ ਬੁਢੜੀ, ਇਹ ਉਸ ਨੂੰ 'ਬੁਢੀ' ਹੀ ਆਖਦੇ ਹਨ। ਹਿੰਦੀ ਜਬਾਨ ਵਿਚ ਬੁਢੀਆ, ਵਡੇਰੀ ਉਮਰ ਦੀ ਔਰਤ ਨੂੰ ਕਿਹਾ ਜਾਂਦਾ ਹੈ। ਇਨ੍ਹਾਂ 'ਕੁਤਿਆਂ' ਵਿਚ ਕੋਈ ਚੋਰੀ ਨਹੀਂ ਕਰਦਾ ਕਿਉਂਕਿ ਵਿਸ਼ੈਈ ਤੇ ਚੋਰਾਂ ਨੂੰ ਇਹ ਆਪਣੇ ਮਿੱਤਰ ਨਹੀਂ ਬਣਾਉਂਦੇ।

ਆਖਰ ਸਿੰਘਾਂ ਦੇ ਗੁਣਾਂ ਸਦਕਾ, ਅਬਦਾਲੀ ਦੇ ਨਾਲ ਆਇਆ ਇਹ ਇਤਿਹਾਸਕਾਰ ਇਤਨਾ ਪ੍ਰਭਾਵਤ ਹੁੰਦਾ ਹੈ ਕਿ ਇਉਂ ਪੁਕਾਰ ਉਠਦਾ ਹੈ:

ਇਹਨਾਂ ਕੁੱਤਿਆਂ (ਸੱਗਾਂ) ਨੂੰ ਕੁੱਤੇ ਨਾ ਆਖੋ, ਸਚ ਪੁਛੋ ਤਾਂ ਇਹ ਸ਼ੇਰ ਹਨ। ਜਦ ਰਣ ਵਿਚ ਖੰਡਾ ਚਲਦਾ ਹੈ ਤਾਂ ਸ਼ੇਰਾਂ ਜਿਹੀ ਦਲੇਰੀ ਨਾਲ ਲੋਹਾ ਖੜਕਾਉਂਦੇ ਹਨ।" ਅਨੁਵਾਦ-(ਕਾਜੀ ਨੂਰ ਮੁਹੰਮਦ ਦੇ ਜੰਗਨਾਮੇ ਵਿਚੋਂ)

(ਹ) ਜਿਵੇਂ ਸਿੱਖ ਨੂੰ 'ਗਰੀਬ ਦਾ ਮੂੰਹ ਗੁਰੂਕੀ ਗੋਲਕ' ਕਰ ਕੇ ਜਾਣਨ ਦਾ ਹੁਕਮ ਹੈ, ਉਸੇ ਤਰ੍ਹਾਂ ਰਖਿਆ ਤੇ ਸਹਾਇਤਾ ਕਰਨ ਲਈ ਵੀ ਕਿਸੇ ਦੀਨ ਦੁਖੀ ਦੀ ਜ਼ਾਤ ਦਾ ਈਮਾਨ ਜਾਨਣ ਦੀ ਲੋੜ ਨਹੀਂ। ਕਸੂਰ ਦੇ ਬ੍ਰਾਹਮਣ ਦੀ ਫ਼ਰਯਾਦ ਉਤੇ ਕਸੂਰ ਮਾਰਨ ਅਤੇ ਉਸਦੀ ਬ੍ਰਾਹਮਣੀ ਪਠਾਣਾਂ ਤੋਂ ਵਾਪਸ ਦਿਵਾਉਣ ਦੀ ਘਟਨਾ ਸੂਰਜ ਵਾਂਗ ਰੌਸ਼ਨ ਹੈ।

ਕੀ ਜ਼ੁਲਮ, ਜ਼ੋਰ ਤੇ ਜ਼ਬਰ-ਭਰਪੂਰ ਇਨਕਲਾਬ ਰਾਹੀਂ ਵਿਗਿਆਨਿਕ ਸਮਾਜਵਾਦ' ਲਿਆਉਣ ਦੇ ਹਾਮੀ ਕਮਯੂਨਿਸਟ ਅਥਵਾ ਮਾਰਕਸੀ ਸਮਾਜਵਾਦੀ ਵੀਰ 'ਸ਼ਕਤੀ' ਦੀ ਐਸੀ ਆਦ੍ਰਸ਼ਕ ਵਰਤੋਂ ਅਤੇ ਸਮੂਹਕ ਤੌਰ ਤੇ ਐਸਾ ਸੱਚਾ ਸੁਚਾ ਆਚਾਰ ਕਿਸੇ ਇਨਕਲਾਬੀ ਲਹਿਰ ਦੇ ਇਤਿਹਾਸ ਵਿਚ ਪੇਸ਼ ਕਰ ਸਕਦੇ ਹਨ?

ਕਾਰਲ ਮਾਰਕਸ ਮੈਟਰੀਅਲਿਜ਼ਮ (ਪਦਾਰਥਵਾਦ) ਦਾ ਹਾਮੀ ਸੀ। ਉਸ ਦਾ ਸਾਇੰਟਿਫਿਕ ਸਮਾਜਵਾਦ ਤੇ ਪਦਾਰਥ ਮਜ਼੍ਹਬ ਨੂੰ ਆਪਣੀ ਵੀਚਾਰਧਾਰਾ ਵਿਚ ਕੋਈ ਥਾਂ ਨਹੀਂ ਦਿੰਦਾ। ਲੈਨਿਨ, ਜੋ ਕਾਰਲ ਮਾਰਕਸ ਦੇ ਫ਼ਿਲਸਫੇ ਦਾ ਸਭ ਤੋਂ ਵਡਾ ਹਾਮੀ ਹੈ, ਮਜ਼੍ਹਬ ਨੂੰ ਮੱਨੁਖ ਲਈ ਅਫੀਮ ਤੁਲ ਦਸਦਾ ਹੈ। ਲੈਨਿ ਆਪਣੀ ਪੁਸਤਕ (Lenin on Religion) ਦੇ ਅਰੰਭ ਵਿਚ ਸਪਸ਼ਟ ਲਿਖਦਾ ਹੈ:

Atheism is a natural & insperable part of Marxism, i.e. Scientific Socialism.

(ਨਾਸਤਕਤਾ, ਕਮਯੁਨਿਜ਼ਮ ਅਥਵਾ ਵਿਗਿਆਨਿਕ ਸਮਾਜਵਾਦ (Scientific Socialism) ਦਾ ਇਕ ਕੁਦਰਤੀ ਤੇ ਅਨਿਖੜਵਾਂ ਅੰਗ ਹੈ)

ਉਪ੍ਰੋਕਤ ਲਿਖਤ ਦੀ ਪ੍ਰੋੜ੍ਹਤਾ ਕਮਉਨਿਸਟ ਲੀਡਰ, ਏ. ਕੇ. ਗੁਪਾਲਨ ਐਮ. ਪੀ. ਦੇ ਇਸ ਬਿਆਨ ਤੋਂ ਵੀ ਹੁੰਦੀ ਹੈ –

***Kozhi kodi, July 7 (P.T.I.) : Marxist Communist leader Mr. A.K. Gopalan (M.P.) said here yesterday that temple going Marxists cannot be considered as real Marxists or Communists.***

***Marxism and God worshiping could not go to-gether, he added.***

***Speaking to newsmen Mr. Gopalan described as scandalous reports appearing in the press about some delegates to the recent ninth CPM Congress in Madurai offering worship at the Meenakhshi Temples there.***

***'If any one had worshipped, he is not a real Marxist he said, added 'many of them might have visted the temple as part of their sight seeing,"***

(Tribune page II, dated 7th July 1972)

(ਭਾਵ : ਕਮਯੁਨਿਸਤ ਲੀਡਰ ਮਿਸਟਰ ਏ. ਕੇ. ਗਬਪਾਲਨ (ਐਮ. ਪੀ.) ਨੇ ਕਿਹਾ ਕਿ ਧਰਮ-ਮੰਦਰ ਵਿਚ ਜਾਣ ਵਾਲਾ ਵਿਅਕਤੀ ਅਸਲੀ ਤੇ ਸਿੱਕੇ ਬੰਦ ਕਮਿਊਨਿਸਟ ਨਹੀਂ ਅਖਵਾ ਸਕਦਾ। ਕਮਿਊਨਿਜ਼ਮ ਤੇ ਮੰਦਰਾਂ ਵਿਚ ਜਾਣਾ ਦੋ ਵੱਖ ਵੱਖ ਰਸਤੇ ਹਨ, ਆਦਿ।

ਉਪ੍ਰੋਕਤ ਲਿਖਤਾਂ ਦਾਆਵਿਆਂ ਦੇ ਹੁੰਦਿਆਂ ਹੋਇਆਂ ਅਤੇ ਕਮਯੁਨਿਸਟ ਦੇਸ਼ਾਂ ਵਿਚ ਰੱਬ ਦੇ ਪਬਲਿਕ ਤੌਰ ਉਤੇ ਮੰਨਣ ਤੇ ਪ੍ਰਚਾਰਣ ਦੀ ਮਨਾਹੀ ਦੇ ਬਾਵਜੂਦ ਉਥੋਂ ਦੇ ਲੋਕਾਂ ਦਾ ਰੱਬ ਦੀ ਹੋਂਦ ਵਿਚ ਵਿਸ਼ਵਾਸ਼ ਵਧਦਾ ਜਾ ਰਿਹਾ ਹੈ। ਰੂਸ ਤੋਂ ਆਏ ਇਕ ਪਾਦਰੀ ਮਿਸਟਰ ਵੂਮਰੈਂਡ ਆਪਣੀ ਪੁਸਤਕ 'Torture for Christ' (ਈਸਾ ਨੂੰ ਤਸੀਹੇ) ਵਿਚ ਲਿਖਦੇ ਹਨ ਕਿ ਰੂਸ ਦੇ ਵੱਡੇ ਵੱਡੇ ਲੋਕ ਵੀ ਅੰਦਰੋਂ ਅੰਦਰ ਖੁਦਾ ਦੀ ਹੋਂਦ ਉਤੇ ਵਿਸ਼ਵਾਸ਼ ਲਿਆ ਰਹੇ ਹਨ। ਮੱਨੁਖ ਦੀ ਆਤਮਾ ਵਿਚ ਇਕ ਮਨੌਤ ਏਨੀਂ ਸੁਭਾਵਕ ਹੈ ਕਿ ਇਕ ਵੇਰ ਜਦ ਰੂਸ ਦੇ ਸਾਬਕ ਪਰਧਾਨ ਮੰਤਰੀ-ਪੁਰਸ਼ਚੇਵ-ਤੋਂ ਭਾਰਤ ਦੇ ਦੌਰੇ ਸਮੇਂ ਇਹ ਪ੍ਰਸ਼ਨ ਪੁਛਿਆ ਗਿਆ ਕਿ ਕੀ ਉਹ ਰੱਬ ਨੂੰ ਮੰਨਦੇ ਹਨ? ਤਾਂ ਉਹਨਾਂ ਦੇ ਮੂੰਹੋਂ ਸੁਤੇ ਸਿਧ ਇਹ ਨਿਕਲ ਗਿਆ –'ਬਾਈ ਗਾਡ, (ਰੱਬ ਦੀ ਸਹੁੰ) ਮੈਂ ਰੱਬ ਨੂੰ ਨਹੀਂ ਮੰਨਦਾ।

## ਸਮਾਜਵਾਦ ਗੁਰਮਤਿ ਦੇ ਝਰੋਖੇ 'ਚੋਂ

ਭਾਵੇਂ ਅਸੀਂ ਇਸ ਲੇਖ ਦੇ ਅਰੰਭ ਵਿਚ ਇਹ ਅੰਕਿਤ ਕਰ ਆਏ ਹਾਂ ਕਿ ਸੋਸ਼ਲਿਜ਼ਮ (Socialism) ਸ਼ਬਦ ਦੀ ਸਭ ਤੋਂ ਪਹਿਲੀ ਵਰਤੋਂ ਸੰਨ 1833 ਵਿਚ ਹੋਈ ਸੀ, ਪਰੰਤੂ ਇਸ ਦਾ ਇਹ ਭਾਵ ਨਹੀਂ ਕਿ ਸਮਾਜਵਾਦ ਨੂੰ ਕਿਸੇ

ਨਾ ਕਿਸੇ ਸ਼ਕਲ ਵਿਚ ਪਹਿਲਾਂ ਕਦੀ ਸਮਝਿਆ ਜਾਂ ਲਾਗੂਹੀ ਨਹੀਂ ਕੀਤਾ ਗਿਆ। ਲਗ ਪਗ ਸਾਰੇ ਮੱਤ ਕਿਸੇ ਨਾ ਕਿਸੇ ਹੱਦ ਤੱਕ ਲੁਟ ਖਸੁਟ ਦੀ ਵਿਰੋਧਤਾ ਤੇ ਕੁਰਬਾਨੀ ਦੇ ਜਜ਼ਬੇ ਦੀ ਚਰਚਾ ਤੇ ਵਰਤੋਂ ਕਰਦੇ ਆਏ ਹਨ। ਹਾਂ, ਜੋ ਉੱਚ ਅਸਥਾਨ ਸਮਾਜਵਾਦ ਦੇ ਰੀਸ ਕਰਨ-ਜੋਗ ਕੁਝ ਇਕ ਸਿਧਾਂਤਾਂ ਨੂੰ ਸਿੱਖ ਮੱਤ ਵਿਚ ਅੱਜ ਤੋਂ ਪੰਜ ਸੌ ਸਾਲ ਪਹਿਲਾਂ ਹੀ ਪ੍ਰਾਪਤ ਹੈ, ਉਸ ਤੋਂ ਉਚੇਰਾ ਅਸਥਾਨ ਹੋਰ ਕਿਧਰੇ ਲਭਣਾ ਸੰਭਵ ਨਹੀਂ। ਸਿੱਖੀ, ਇਕ ਆਦਰਸ਼ਕ ਜੀਵਨ-ਜਾਚ ਹੈ ਅਤੇ ਇਸ ਵਿਚ ਸਮਾਜਵਾਦ ਵਾਲੇ ਸਾਰੇ ਉਹ ਸੁਚੱਜੇ ਤੇ ਅਨੇਕ ਹੋਰ ਮੱਨੁਖੀ ਭਲਾਈ ਦੇ ਸਰਲ, ਸਾਦੇ ਤੇ ਸਦੀਵੀ ਸਿਧਾਂਤ ਆ ਜਾਂਦੇ ਹਨ, ਜੋ ਮਨੁੱਖੀ ਸੁਖ, ਸ਼ਾਂਤੀ ਤੇ ਕਲਿਆਣ ਲਈ ਹਵਾ, ਪਾਣੀ ਤੇ ਰੌਸ਼ਨੀ ਵਾਂਗ ਜ਼ਰੂਰੀ ਹਨ।

ਇਹ ਇਕ ਅਕੱਟ ਸਚਾਈ ਹੈ ਕਿ ਜੋ ਕੋਈ ਪ੍ਰਾਣੀ ਸਿੱਖ ਧਰਮ ਦੇ ਸਾਂਝੀਵਾਲਤਾ ਦੇ ਸਰਬ-ਕਾਲੀ ਤੇ ਸਰਬ ਦੇਸ਼ੀ ਸਿਧਾਂਤਾਂ ਨੂੰ ਅਮਲੀ ਤੌਰ ਉਤੇ ਅਪਣਾ ਲਵੇ ਤਾਂ ਉਸ ਨੂੰ ਹੋਰ ਕਿਸੇ ਤਰ੍ਹਾਂ ਦੇ ਸਮਾਜਵਾਦ ਦੇ ਪਿਛੇ ਭਟਕਣ ਦੀ ਲੋੜ ਨਹੀਂ ਰਹਿੰਦੀ।

ਆਓ, ਜ਼ਰਾ ਕੁ ਵਧੇਰੇ ਗਹੁ ਨਾਲ ਇਨ੍ਹਾਂ ਸਿਧਾਂਤਾਂ ਦਾ ਸਰਵੇਖਣ ਕਰੀਏ।

ਸਮਾਜਵਾਦ ਦਾ ਵਡਾ ਤੇ ਖਿੱਚ-ਪਾਉਨਾਅਰਾ ਇਹ ਹੈ ਕਿ ਲੋਕਾਂ ਵਿਚ ਧਨ-ਦੌਲਤ, ਜਾਇਦਾਦ ਅਤੇ ਹੁਕਮ ਹਾਸਿਲ ਦੀ ਕਾਣੀ ਵੰਡ ਖ਼ਤਮ ਹੋਵੇ। ਇਸ ਨਿਸ਼ਾਨੇ ਦੀ ਪ੍ਰਾਪਤੀ ਲਈ ਕਮਯੂਨਿਸਟ ਜ਼ਬਰੇ ਅਤੇ ਖ਼ੂਨੀ ਇਨਕਲਾਬ ਦਾ ਰਾਹ ਚੁਣਦੇ ਹਨ। ਗੁਰਮਤਿ ਦਾ ਉਪਰੋਤਕ ਨਿਸ਼ਾਨੇ ਦੀ ਪੂਰਤੀ ਲਈ ਸਮਾਜਵਾਦੀਆਂ ਵਲੋਂ ਵਰਤੇ ਜਾਣ ਵਾਲੇ ਢੰਗਾਂ ਨਾਲ ਮਤ ਭੇਦ ਹੈ, ਪਰੰਤੂ ਨਿਸ਼ਾਨੇ ਨਾਲ ਨਹੀਂ। ਗੁਰਮਤਿ ਬੜੇ ਸਪਸ਼ਟ ਸ਼ਬਦਾਂ ਵਿਚ ਐਲਾਨ ਕਰਦੀ ਹੈ ਕਿ ਧਰਮ ਦੀ ਕਿਰਤ ਕਰੋ ਅਤੇ ਉਸ ਨੂੰ ਲੋੜਵੰਦਾਂ ਨਾਲ ਵੰਡ ਕੇ ਛਕੋ। ਤਾਂ-ਕੀ, ਕੇਵਲ ਤਾਂ ਹੀ, ਤੁਹਾਨੂੰ ਰੱਬੀ ਮਾਰਗ ਦੀ ਸੋਝੀ ਪਵੇਗੀ। ਗੁਰੂਵਾਕ ਹੈ:

**ਘਾਲਿ ਖਾਇ ਕਿਛੁ ਹਥਹੁ ਦੇਇ ॥**

**ਨਾਨਕ, ਰਾਹੁ ਪਛਾਣਹਿ ਸੇਇ ॥** (ਮ:1, 1285)

ਗੁਰਮਤਿ ਫੇਰ ਸਪਸ਼ਟ ਕਰਦੀ ਹੈ ਕਿ ਇਹ ਮਾਇਆ, ਧੰਨ-ਦੌਲਤ, ਦੂਜੇ ਦਾ ਹੱਕ ਮਾਰਨ ਜਾਂ ਖੋਹਣ ਤੋਂ ਬਿਨਾਂ ਇਕ ਥਾਂ ਲੋੜੀ (ਜਰੂਰਤ ਤੋਂ ਵਧ) ਇਕੱਠੀ ਨਹੀਂ ਹੋ ਸਕਦੀ ਅਤੇ ਅੰਤ ਨੂੰ ਸਾਥ ਵੀ ਨਹੀਂ ਦਿੰਦੀ। ਏਵੇ ਮੂਰਖ ਲੋਕ ਇਸ ਲਈ ਈਮਾਨ ਵੇਚਦੇ ਤੇ ਖੱਜਲ ਹੁੰਦੇ ਹਨ। ਫੁਰਮਾਨ ਹੈ :-

**ਇਸੁ ਜਰ ਕਾਰਣਿ ਘਣੀ ਵਿਗੁਤੀ, ਇਨਿ ਜਰ ਘਣੀ ਖੁਆਈ ।**

**ਪਾਪਾ ਬਾਝਹੁ ਹੋਵੈ ਨਾਹੀ, ਮੁਇਆ ਸਾਥਿ ਨ ਜਾਈ ॥** (ਮ: 1, ਪੰਨਾ -417)

ਗੁਰਮਤਿ ਅਨੁਸਾਰ ਸੰਸਾਰ ਵਿਚ ਸਹੀ ਸਮਾਜਵਾਦ ਤਾਂ ਹੀ ਸੰਭਵ ਹੈ ਜੇ ਹਰੇਕ ਮਨੁਖ ਦੂਜੇ ਦਾ ਹੱਕ ਨਾ ਮਾਰੇ। ਕਿਉਂਕਿ, ਦੁਨੀਆਂ ਦੇ ਸਾਰੇ ਕਲੇਸ਼ਾਂ, ਝਗੜਿਆਂ ਅਤੇ ਖਿਚੋਤਾਣ ਦਾ ਮੂਲ ਕਾਰਣ ਹੈ ਹੀ ਦੂਜੇ ਦਾ ਹੱਕ ਮਾਰਨ ਦੀ ਰੁਚੀ। ਵੇਖੋ, ਗੁਰੂਦੇਵ ਮੱਨੁਖ ਨੂੰ ਇਸ ਬਾਰੇ ਕਿੱਡੀ ਵੱਡੀ ਸੌਂਹ ਪਾਉਂਦੇ ਹਨ:

**ਹਕੁ ਪਰਾਇਆ ਨਾਨਕਾ, ਉਸ ਸੂਅਰੁ ਉਸੁ ਗਾਇ ॥**

**ਗੁਰੁ ਪੀਰੁ ਹਾਮਾ ਤਾ ਭਰੇ, ਜਾ ਮੁਰਦਾਰੁ ਨ ਖਾਇ ॥** (ਮ: 1, ਪੰਨਾ - 141)

ਗੁਰੂਜੀ, ਬਿਨਾਂ ਕਿਸੇ ਲਗ ਲਪੇਟ ਦੇ ਇਹ ਸਮਾਜਵਾਦੀ ਸਚਾਈ ਵੀ ਸਪਸ਼ਟ ਕਰਦੇ ਹਨ ਕਿ ਮਾਇਆ ਦੀ ਬਹੁਤਾਤ ਚਿੰਤਾ ਦਾ, ਜੋ ਮਾਨਸਿਕ ਰੋਗਾਂ ਦਾ ਰੋਗ ਹੈ ਅਤੇ ਬਹੁਤ ਭਟਕਣ ਦਾ ਕਾਰਣ ਹੈ। ਚਿੰਤਾ ਦਾ, ਜੋ ਮਾਨਸਿਕ ਰੋਗਾਂ ਦਾ ਰੋਗ ਹੈ ਅਤੇ ਬਹੁਤ ਭਟਕਣ ਦਾ ਕਾਰਨ ਹੈ। ਇਸ ਲਈ ਸਹੀ ਤੇ ਸੁਖੀ ਸਮਾਜ ਉਹੀ ਹੈ, ਜਿਸ ਵਿਚ ਕਿਸੇ ਪਾਸ ਦੌਲਤ ਨਾ ਥੋੜੀ ਹੋਵੇ, ਨ ਬਹੁਤੀ।

**ਗੁਰਵਾਕ ਹੈ :-**

**ਜਿਸੁ ਗ੍ਰਿਹਿ ਬਹੁਤੁ ਤਿਸੈ ਗ੍ਰਿਹਿ ਚਿੰਤਾ ॥**

**ਜਿਸ ਗ੍ਰਿਹਿ ਥੋਰੀ ਸੁ ਫਿਰੈ ਭ੍ਰਮੰਤਾ ॥**

**ਦੁਹੂ ਬਿਵਸਥਾ ਤੇ ਜੋ ਮੁਕਤਾ ਸੋਈ ਸੁਹੇਲਾ ਭਾਲੀਐ ॥** (ਮ: 5, ਪੰਨਾ - 1019)

**ਰਹਿਤਨਾਮਿਆਂ ਵਿਚ ਵੀ ਸਪਸ਼ਟ ਆਦੇਸ਼ ਹੈ ਕਿ :-**

**'ਸਿੱਖ ਸਿੱਖ ਦੇ ਪਾਸ ਜਾਵੇ, ਛਾਦਨ ਭੋਜਨ (ਰੋਟੀ ਕਪੜਾ) ਲੇ ਲੇਵੈ, ਲੋਭ ਨਹਿ ਕਰੈ ॥'**

ਭਾਵ ਇਹ ਹੈ ਕਿ ਸਿੱਖਾਂ ਦੀ ਸਭ ਸੰਪਤੀ, ਮਾਲ ਧਨ, ਤਨ ਮਨ, ਸਭ ਗੁਰੂ ਦਾ ਹੈ ਅਤੇ ਇਸ ਨਾਤੇ ਉਹ ਸਭ ਦਾ ਸਾਂਝਾ ਹੈ। ਇਸ ਲਈ ਹਰ ਲੋੜਵੰਦ ਸਿੱਖ ਉਸ ਨੂੰ ਲੋੜ ਅਨੁਸਾਰ ਵਰਤਣ ਦਾ ਅਧਿਕਾਰ ਰੱਖਦਾ ਹੈ।

ਕੇਹਾ ਸੁੰਦਰ ਪਿਆਰ-ਭਰਪੂਰ ਹੈ ਸਿੱਖੀ ਦਾ ਇਹ ਸੰਕੇਤ ਹੈ। ਸਿਖੀ ਵਿਚ ਸਿੱਖ ਦੀ ਵੰਡ ਕੇ ਛਕਣ ਦੀ ਇਹ ਸਾਂਝ ਤਾਂ ਪ੍ਰਾਣੀ ਮਾਤ੍ਰ ਨਾਲ ਹੈ। ਇਥੋਂ ਤਕ ਕਿ ਸਿੱਖ ਮੱਤ ਅਨੁਸਾਰ ਸਤਿਗੁਰੂ ਵੀ ਉਹੀ ਹੋ ਸਕਦਾ ਹੈ, ਜੋ ਬਿਨਾਂ ਕਿਸੇ ਵਿਤਕਰੇ ਦੇ ਸਮੁਚੀ ਲੋਕਾਈ ਨੂੰ ਆਪਣੀ ਪਿਆਰ-ਗਲਵਕੜੀ ਦੀ ਨਿੱਘ ਦੇਵੇ ਤੇ ਸਾਰਿਆਂ ਨੂੰ ਰਿਹਾ ਸਾਥੀ (Comrade) ਹੀ ਨਹੀਂ ਸਗੋਂ ਭਾਈ, ਸਕੇ ਵੀਰ, ਬਣਾ ਦੇਵੇ। ਵੇਖੋ, ਸਤਿਗੁਰੂ ਆਪ ਵੀ ਸੰਬੰਧ ਵਿਚ ਕਿਵੇਂ 'ਵਚਨ-ਬੱਧ' ਹੁੰਦੇ ਹਨ :-

**ਨਾਨਕ ਸਤਿਗੁਰੁ ਐਸਾ ਜਾਣੀਐ,**

**ਜੋ ਸਭਸੈ ਲਏ ਮਿਲਾਇ ਜੀਉ ॥** (ਮਹਲਾ 1, ਪੰਨਾ- 72)

ਗੁਰੂਜੀ ਸਭ ਨੂੰ ਮਿਲਾਉਣ ਵਾਲੇ ਵੀ ਤਾਂ ਹੀ ਹਨ, ਜੇ ਉਹਨਾਂ ਦਾ ਪਿਆਰਾ ਪ੍ਰਭੂ, ੧ੴ ਵਾਹਿਗੁਰੂਜੀ, ਸਭ ਦਾ ਸਾਂਝਾ, ਸਭ ਦਾ ਅਪਣਾ, ਸਭ ਦਾ ਪਿਤਾ ਹੈ ਅਤੇ ਕੁਲ ਖ਼ਲਕ ਨਾਲ ਇਕ ਸਮਾਨ ਵਰਤਣ ਵਾਲਾ ਹੈ। ਅਰਸ਼ਾਦ ਹੈ :-

1. **ਸਭੇ ਸਾਂਝੀਵਾਲ ਸਦਾਇਨਿ,**

   **ਤੂੰ ਕਿਸੀ ਨ ਦਿਸਹਿ ਬਾਹਰਾ ਜੀਉ ॥** (ਮਾਝ ਮ: 5-97)

ਯਥਾ

2. **ਗੁਰਾ, ਇਕ ਦੇਹਿ ਬੁਝਾਈ ॥**

**ਸਭਨਾ ਜੀਆ ਕਾ ਇਕੁ ਦਾਤਾ**

**ਸੋ ਮੈ ਵਿਸਰਿ ਨ ਜਾਈ ॥** (ਜਪੁਜੀ)

ਆਵੋ, ਹੋਰ ਅਗੇ ਤੁਰੀਏ। ਕਮਯੁਨਿਸਟਾਂ ਦੀ ਸਾਰੀ ਸਿਆਸਤ ਰੋਟੀ ਦੁਆਲੇ ਘੁੰਮਦੀ ਹੈ। ਰੋਟੀ ਦਾ ਜੀਵਨ-ਨਿਰਬਾਹ ਵਿਚ, ਵਡਾ ਅਸਥਾਨ ਹੈ: ਪਰੰਤੂ ਇਹ ਸਭ ਕੁਝ ਨਹੀਂ । ਜਿਵੇਂ ਤਨ ਤੋਂ ਮਨ ਤੇ ਆਤਮਾ ਉਚੇਰੇ ਹਨ, ਇਸੇ ਤਰ੍ਹਾਂ ਗੁਰਸਿੱਖਾਂ ਲਈ ਰੋਟੀ ਤੋਂ ਅਣਖ, ਆਨ, ਸੱਤ ਸੰਤੋਖ, ਸਬਰ, ਭਾਉ, ਹੱਕ ਹਲਾਲ ਦੀ ਕਿਰਤ ਦੀ ਬਿਰਤੀ ਤੇ ਦੀਨ ਦੁਖੀਏ ਲਈ ਕੁਰਬਾਨੀ ਕਿਤੇ ਵੱਧ ਅਜ਼ੀਮ ਹਨ। ਜੇ ਇਨਸਾਨ ਦੇ ਆਪਸ ਵਿਚ ਦੇ ਸੰਬੰਧਾਂ ਦੀ ਮਾਪ-ਛੜੀ ਕੇਵਲ ਰੋਟੀ, ਮਾਇਆ ਹੀ ਹੈ ਤਾਂ ਕਿਸੇ ਅਸੂਲ, ਸਿਧਾਂਤ, ਦੁਖਿਆਰੇ ਜਾਂ ਪਰਸੁਆਰਥ ਲਈ ਕੋਈ ਕੁਰਬਾਨੀ ਕਿਉਂ ਕਰੇ? ਫ਼ਿਰ ਧਰਮ, ਜਾਂ ਉਪਕਾਰ ਹਿਤ ਸ਼ਹਾਦਤ ਕਿਉਂ ਤੇ ਕਿਸ ਲਈ? ਜਿਸ ਰਿਜ਼ਕ ਤੋਂ ਮੱਨੁਖ ਵਿਚ ਦੈਵੀ ਗੁਣਾਂ ਦਾ ਅਭਾਵ ਹੁੰਦਾ ਹੋਵੇ ਉਸ ਨਾਲੋਂ ਤਾਂ ਮੌਤ ਚੰਗੀ। ਵੇਖੋ, ਡਾਕਟਰ ਇਕਬਾਲ ਨੇ ਵੀ ਇਸ ਹਕੀਕਤ ਨੂੰ ਕਿਸ ਖ਼ੁਬਸੂਰਤੀ ਨਾਲ ਕਲਮ-ਬੰਦ ਕੀਤਾ :-

**ਐ ਤਾਇਰਿ ਲਾਹੂਤੀ, ਉਸ ਰਿਜ਼ਕ ਸੇ ਮੌਤ ਅੱਛੀ ॥**

**ਜਿਸ ਰਿਜ਼ਕ ਸੇ ਆਤੀ ਹੋ, ਪਰਵਾਜ਼ ਮੇ ਕੋਤਾਹੀ ॥**

(**ਭਾਵ** – ਐ ਪ੍ਰਭੂ-ਮੰਡਲਾਂ (ਉਚੇਰੇ ਆਕਾਸ਼ਾਂ) ਵਿਚ ਉੱਡਣ ਵਾਲੇ ਪੰਛੀ ਲਈ ਉਸ ਚੋਗੇ ਨਾਲੋਂ ਮੌਤ ਬੇਹਤਰ ਹੈ, ਜਿਸ ਨਾਲ ਉਚੇਰੇ ਉੱਡਣ ਵਿਚ ਵਿਘਨ ਪੇਂਦਾ ਹੋਵੇ, (ਜਿਸ ਰੋਟੀ ਨਾਲ ਸੁਰਤਿ ਡਿੱਗਦੀ ਹੋਵੇ)।

ਜਿਥੇਂ ਤਕ ਪ੍ਰਾਪਤ ਰੋਟੀ ਨੂੰ ਸਾਥੀਆਂ ਨਾਲ ਲੋੜਵੰਦਾਂ ਨਾਲ ਰਲ ਮਿਲ ਕੇ ਵੰਡ ਛਕਣ ਦਾ ਸੰਬੰਧ ਹੈ- ਗੁਰਦੁਆਰਾ, ਗੁਰੂਦੇ ਲੰਗਰ ਦੁਆਰਾ, ਆਰਥਕ ਪੱਧਰ ਉਤੇ ਧੋਂਸੇ ਦੀ ਚੋਟ ਨਾਲ ਤਨ ਨੂੰ ਕੇਵਲ ਰੋਟੀ ਹੀ ਨਹੀਂ ਦਿੰਦਾ, ਸਗੋਂ ਮਨ ਤੇ ਆਤਮਾ ਲਈ ਆਤਮਕ ਖ਼ੁਰਾਕ ਦਾ ਵੀ ਪ੍ਰਬੰਧ ਕਰਦਾ ਹੈ। ਲੁਤਫ ਇਹ ਹੈ ਕਿ ਸਤਿਗੁਰਾਂ ਨੇ ਗੁਰਦੁਆਰੇ ਦੇ ਲੰਗਰ ਨੂੰ ਕਿਸੇ ਮਲਕ ਭਾਗੋ ਜਾਂ ਮਹਾਨ ਅਕਬਰ ਦਾ ਲੰਗਰ ਨਹੀਂ ਬਨਣ ਦਿਤਾ। ਘਾਲ ਘਾਲਕੇ, ਧਰਮ ਦੀ ਸੁਚੀ ਕਿਰਤ ਕਰਨ ਵਾਲੇ ਕਿਰਤੀਆਂ ਦਾ ਲੰਗਰ ਬਣਾਇਆ ਹੈ। ਜੇ ਗੁਰੂਦੇਵ ਜੀ, ਪਿਤਾ ਜੀ ਵਲੋਂ ਬਿਉਪਾਰ ਲਈ ਮਿਲੀ ਮਾਇਆ ਨਾਲ, ਲੋੜਵੰਦਾਂ ਨੂੰ ਪ੍ਰਸ਼ਾਦਿ ਛੱਕਾ ਕੇ ਸੱਚੇ ਸੌਦੇ ਕਰਦੇ ਹਨ ਤਾਂ ਗੁਰੂਅੰਗਦ ਦੇਵ ਜੀ ਦਾ ਲੰਗਰ ਘਿਆਲੀਆਂ ਖ਼ੀਰਾਂ ਦੇ ਗੱਫੇ ਲਵਾਉਂਦਾ ਹੈ। ਰਾਇ ਬਲਵੰਡ ਦੀ ਉਗਾਹੀ ਹਾਜ਼ਰ ਹੈ:

**ਲੰਗਰਿ ਦਉਲਤਿ ਵੰਡੀਐ, ਰਸੁ ਅੰਮ੍ਰਿਤ ਖੀਰਿ ਘਿਆਲੀ ॥**

ਗੁਰੂਅੰਗਦ ਦੇਵ ਜੀ ਤੇ ਨੇਕ-ਜ਼ਨ, ਮਾਤਾ ਖੀਵੀ ਜੀ, ਲੰਗਰ ਦੀ ਸੇਵਾ ਕਰਦੇ ਨਹੀਂ ਸੀ ਥਕਦੇ। ਸ੍ਰੀ ਗੁਰੂਅਮਰਦਾਸ ਜੀ ਤਾਂ ਦਰਸ਼ਨ ਹੀ ਉਹਨਾਂ ਨੂੰ ਦਿੰਦੇ ਸਨ, ਜੋ ਗੁਰੂਦੇ ਸਾਂਝੇ ਲੰਗਰ ਵਿਚ ਇਕ ਪੰਗਤ ਵਿਚ ਬੈਠਕੇ

ਪ੍ਰਸ਼ਾਦਿ ਛਕੇ। ਅਕਬਰ ਵਰਗੇ ਮਹਾਨ ਸ਼ਹਿਨਸ਼ਾਹ ਨੂੰ ਵੀ ਇਸ ਸੰਬੰਧ ਵਿਚ ਛੋਟ ਨਹੀਂ ਦਿਤੀ ਜਾਂਦੀ। ਗਲ ਕੀ, ਸਮੂੰਹ ਗੁਰੁਸਾਹਿਬਾਨ ਨੇ ਵੀ ਲੰਗਰ ਦੀ ਸੇਵਾ ਵਿਚ ਅਪਣਾ ਮਾਨ, ਕਲਿਆਨ ਤੇ ਵਡਿਆਈ ਸਮਝੀ ਅਤੇ ਅਜੇਹਾ ਕਰਕੇ ਸੰਕੇਤ ਦਿਤਾ ਕਿ ਇਹੀ ਲੰਗਰ ਪ੍ਰਾਣੀ ਮਾਤ੍ਰ ਲਈ, ਸਾਂਝੀ ਅਥਵਾ ਸਮਾਜਵਾਦੀ ਹੋਣ ਨੂੰ ਵੱਡੇ ਪੈਮਾਨੇ ਉਤੇ ਤੋਰਨ ਦੇ ਤੌਰ ਤ੍ਰੀਕਿਆਂ ਵਿਚ ਫਰਕ ਹੋ ਸਕਦਾ ਹੈ, ਸਿਧਾਂਤ ਵਿਚ ਨਹੀਂ।

ਸਿੱਖਾਂ ਨੇ ਜੋ ਰਾਜ ਭਾਗ ਪ੍ਰਾਪਤ ਹੋਣ ਉਪਰੰਤ ਸਿੱਕਾ ਤੋਰਿਆ ਤਾ ਉਸ ਦੀ ਮੋਹਰ ਛਾਪ ਵੀ ਦੇਗ-ਲੰਗਰ-ਤੋਂ ਹੀ ਅਰੰਭ ਕੀਤੀ ਗਈ ਤੇ ਇਹ ਸੀ :-

**ਦੇਗੋ ਤੇਗੋ ਫ਼ਤਹ ਵ ਨੁਸਰਤ ਬੇਦਰੰਗ,**

**ਯਾਫ਼ਤ ਅਜ਼ ਨਾਨਕ, ਗੁਰੂ ਗੋਬਿੰਦ ਸਿੰਘ।**

ਇਸੇ ਦੈਵੀ ਸ਼ਿਧਾਂਤ ਨੂੰ ਰਹਿਤਨਾਮਿਆ ਵਿਚ ਵੀ ਇਉਂ ਹੀ ਸਪਸ਼ਟ ਕੀਤਾ ਗਿਆ ਹੈ:

**ਗ਼ਰੀਬ ਦਾ ਮੂੰਹ, ਗੁਰੂ ਦੀ ਗੋਲਕ ਹੈ ।**

ਏਥੇ ਗਰੀਬ ਅਥਵਾ ਲੋੜਵੰਦ ਦੇ ਮਜ਼ਹਬੀ ਅਕੀਦੇ ਜਾਂ ਨਸਲੀ ਮਤ ਭੇਦ ਨਾਲ ਸਿੱਖ ਦਾ ਕੋਈ ਸੰਬੰਧ ਨਹੀਂ। ਸਿੱਖੀ ਵਿਚ ਮੱਨੁਖ ਦਾ ਮੱਨੁਖ ਨਾਲ ਅਤੁਟ ਰਿਸ਼ਤਾ ਕੇਵਲ ਮੱਨੁਖਤਾ ਦੀ ਬਿਨਾਅ ਉਤੇ ਮੰਨਿਆ ਗਿਆ ਹੈ। ਇਉਂ ਹੋਵੇ ਵੀ ਕਿਉਂ ਨਾ ਜਦ ਕਿ ਦਸਮੇਸ਼ ਜੀ ਸਿਖ ਨੂੰ ਇਸ ਬਾਰੇ ਇਉਂ ਸੇਧ ਦਿੰਦੇ ਹਨ :-

**ਕੋਊ ਭਇਓ ਮੁੰਡੀਆ ਸੰਨਿਆਸੀ ਕੋਊ ਜੋਗੀ ਭਇਓ,**

**ਕੋਊ ਬ੍ਰਹਮਚਾਰੀ ਕੋਊ ਜਤੀ ਅਨ ਮਾਨਬੋ ॥**

**ਹਿੰਦੂ ਤੁਰਕ ਕੋਊ ਰਾਫਜੀ ਅਮਾਨ ਸਾਫ਼ੀ,**

**ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ ॥**

ਸਤਿਗੁਰਾਂ ਨੇ 'ਗੁਰੂ ਕੇ ਲੰਗਰ' ਦੀ ਪ੍ਰਥਾ ਚਲਾਈ ਹੈ। ਗੁਰੂ ਦਾ ਲੰਗਰ ਇਕ ਤਰ੍ਹਾਂ ਸਭ ਦਾ ਸਾਂਝਾ ਲੰਗਰ ਅਥਵਾ Common ਜਾਂ Community Kitchen ਹੈ। ਪਰੰਤੂ ਪ੍ਰਾਣੀ ਮਾਤ੍ਰ ਲਈ ਅਜਿਹਾ ਸਾਂਝਾ ਤੇ ਆਦਰਸ਼ਕ ਲੰਗਰ ਚਲ ਸਕਣਾ ਤਾਂ ਹੀ ਸੰਭਵ ਹੈ ਜੇ ਸਿੱਖ ਦੇ ਅੰਦਰ ੧ਓ ਦੀ ਇਕਾਈ' ਹੋਵੇ ਅਤੇ 'ਸਹਿਵਾਸ (Coexistence ) ਤੇ 'ਭਾਵਕ ਏਕਤਾ' (Emotional Integration) ਨਾਲ ਭਰਪੂਰ ਸ੍ਰੀ ਗੁਰੂ ਗਰੰਥ ਸਾਹਿਬ ਜਿਹਾ ਮੈਨੀਫੈਸਟੋ ਹੋਵੇ। ਉਪਰੰਤ ਹਰਿਮੰਦਰ ਜਿਹਾ ਸਾਂਝਾ ਧਰਮ ਅਸਥਾਨ ਅਤੇ 'ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬਤ ਦਾ ਭਲਾ' ਮੰਗਣ ਦੀ ਨਿਤਾ ਪ੍ਰਤੀ ਲੋਚਾ ਹੋਵੇ, ਇਹਨਾਂ ਰੱਬੀ ਅਰਦਾਸ ਵਿਚ ਜੁੜਨ ਵਾਲਿਆ ਦੀ। ਐ ਗੁਰਸਿਖ, ਕੀ ਇਹ ਸਭ ਕੁਝ ਅਦੁਤੀ ਨਹੀਂ? ਸਹੀ ਤੇ ਆਦਰਸ਼ਕ ਸਾਂਝੀ ਵਾਲਤਾ ਨਹੀਂ?

ਮਾਰਕਸ ਦਾ ਸਮਾਜਵਾਦ ਸਿੱਖੀ ਦੇ 'ਧਰਮ ਦੀ ਕਿਰਤ ਕਰਨ ਤੇ ਵੰਡ ਕੇ ਛੱਕਣ' ਦੇ ਸੁਨਹਿਰੀ ਸਿਧਾਂਤ ਨੂੰ ਤਾਂ ਆਪਣੇ ਢੰਗ ਨਾਲ ਅਪਣਾਉਂਦਾ ਹੈ ਜੇ "੧ਓ ਸਤਿਨਾਮ ਕਰਤਾ ਪੁਰਖ ਨਿਰਭਉ ਨਿਰਵੈਰੁ ਅਕਾਲ ਮੂਰਤਿ

ਅਜੂਨੀ ਸੈਭੰ ਗੁਰ ਪ੍ਰਸਾਦਿ" ਜਿਹੇ ਗੁਣਾਂ ਵਾਲੇ ਵਾਹਿਗੁਰੂ ਦੀ ਸੱਤਾ ਦਾ ਧਾਗਾ ਮਨੁਖ ਦੇ ਵਿਵਹਾਰ ਅਥਵਾ ਚਲਨ ਦੀ ਮਾਲਾ ਵਿਚੋਂ ਕਢ ਦੇਈਏ ਤਾਂ 'ਕਿਰਤ ਕਰਨ ਅਤੇ ਵੰਡ ਕੇ ਛਕਣ' ਵਾਲੀ ਸ਼ਰੇਸ਼ਟ ਮਾਲਾ-ਬਿਰਤੀ ਦੇ ਮਣਕੇ ਅਵੱਸ਼ ਬਿਖਰ ਜਾਣਗੇ ਅਤੇ ਇਸ ਦੀ ਥਾਂ ਮੱਲ ਲੈਣਗੇ : ਧੱਕਾ, ਸੁਆਰਥ, ਤੇ ਖੋਹਾ ਖਾਹੀ । ਫੇਰ ਸਹੀ ਸਾਂਝੀਵਾਲਤਾ ਤੇ ਸਮਾਜਵਾਦ ਕਿਥੇ !

ਸਿੱਖ ਸਤਿਗੁਰੂਆਂ ਦੇ ਤਖ਼ੱਲਸ ਦਾ ਵਾਹਿਗੁਰੂ ਜਿਥੇ ਕੇਵਲ ਇੱਕੋ ਇਕ ਹੈ, ਸਭ ਦਾ ਪਿਤਾ ਹੈ, ਸਭੇ ਉਹਦੇ ਸਾਂਝੀਵਾਲ ਹਨ, ਉਥੇ ਉਹ ਸਦਾ ਮੇਹਰਬਾਨ ਹੈ, ਮਿਠ-ਬੋਲਾ ਹੈ ਤੇ ਸਭ ਦੀ ਇਕ ਸਮਾਨ ਸਾਰ ਲੈਣ ਵਾਲਾ ਵੀ ਹੈ। ਉਸ ਨੇ ਤਾਂ ਹਵਾ, ਪਾਣੀ ਅਤੇ ਸੂਰਜ ਦੀ ਰੌਸ਼ਨੀ ਵਾਂਗ ਸਮੂੰਹ ਦਾਤਾ ਮੱਨੁਖ ਨੂੰ ਇਕ ਸਮਾਨ ਬਖਸ਼ੀਆਂ ਹਨ, ਇਹ ਕਾਣੀ ਵੰਡ ਤਾਂ ਆਖ਼ਰ ਸੁਆਰਥੀ ਤੇ ਚਤੁਰ ਮੱਨੁਖ ਆਪ ਕਰ ਲੈਂਦਾ ਹੈ, ਉਸ ਨੂੰ ਹੋੜਨਾ ਹੈ ਪਿਆਰ ਨਾਲ, ਵੀਚਾਰ ਨਾਲ ਅਤੇ ਮਿੱਠਤ ਨਾਲ, ਪਰੰਤੂ ਜੇ ਲੋੜ ਪਵੇ ਤਾਂ ਲੋਕ-ਰਾਜੀ ਜਾਂ ਕਿਸੇ ਹੋਰਵੇਂ ਢੰਗ ਦੇ ਰਾਜ-ਪ੍ਰਬੰਧ ਦੀ ਨਿਯਮਾਵਲੀ ਨਾਲ ਵੀ।

ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਅਨੇਕਾਂ ਸਾਖੀਆਂ ਵਿਚ ਸਪਸ਼ਟ ਜ਼ਿਕਰ ਆਉਂਦਾ ਹੈ ਕਿ ਉਹ ਜਿਸ ਧੰਨ ਕੁਬੇਰ ਕੋਲ ਵੀ ਗਏ, ਉਸ ਨੂੰ ਇਹੀ ਉਪਦੇਸ਼ ਦਿਤਾ ਕਿ ਗਰੀਬਾਂ ਦਾ ਹੱਕ ਮਾਰ ਕੇ ਲਹੂ ਚੂਸ ਕੇ ਇਕੱਠਾ ਕੀਤਾ ਧਨ, ਗ਼ਰੀਬਾਂ ਨੂੰ ਵੰਡ ਦਿਤਾ ਜਾਵੇ। ਮਲਕ ਭਾਗੋਂ, ਸੱਜਣ ਠੱਗ, ਦੁਨੀ ਚੰਦ ਧੁਪੜ ਆਦਿ ਦੀਆਂ ਸਾਖੀਆਂ ਦਾ ਹਵਾਲਾ ਵੰਨਗੀ ਵਜੋਂ ਇਸ ਦਾਅਵੇ ਦੀ ਪੁਸ਼ਟੀ ਵਿਚ ਬਿਨਾਂ ਤਰਦੀਦ ਦਿਤਾ ਜਾ ਸਕਦਾ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਦਸਿਆ 'ਗਾਡੀ ਰਾਹ' ਕਦੀ ਵੀ ਕਿਸੇ ਧੱਕੇ, ਜ਼ੋਰ ਤੇ ਜ਼ੁਲਮ ਦਾ ਹਾਮੀ ਨਹੀਂ ਹੋ ਸਕਦਾ, ਚਾਹੇ ਉਹ ਧਾਰਮਿਕ ਖੇਤਰ ਵਿਚ ਹੋਵੇ, ਚਾਹੇ ਸਮਾਜਕ, ਰਾਜਨੀਤਕ ਜਾਂ ਆਰਥਕ ਖੇਤਰ ਵਿਚ। ਇਹੀ ਕਾਰਨ ਹੈ ਕਿ ਸਤਿਗੁਰਾਂ ਨੇ ਬਾਣੀ ਵਿਚ ਅਧਰਮੀ ਰਾਜਿਆਂ ਨੂੰ ਸ਼ੀਂਹ ਤੇ ਉਹਨਾਂ ਦੇ ਅਹਿਲਕਾਰਾਂ ਨੂੰ ਕੁੱਤੇ ਤਕ ਆਖਣ ਦੀ ਦਲੇਰੀ ਕੀਤੀ। ਉਨਾਂ ਨੇ ਕਦੀ ਰੂਸ ਦੇ ਪਾਦਰੀਆਂ ਦੇ ਸੰਮੇਲਨ (Synod) ਵਾਂਗ ਕਿਸੇ ਜ਼ੁਲਮ ਤੇ ਨਿਹਕਲੰਕ ਅਖਵਾਉਣ ਵਾਲੇ ਬਾਦਸ਼ਾਹ (ਜ਼ਾਰ) ਦੀ ਹਮਾਇਤ ਨਹੀਂ ਸੀ ਕੀਤੀ । ਇਸੇ ਤਰ੍ਹਾਂ ਰਿਸ਼ਵਤੀ ਕਾਜ਼ੀਆਂ, ਜ਼ਾਤ ਅਭਿਮਾਨੀ ਬ੍ਰਾਹਮਣਾਂ, ਜੁਗਤਹੀਨ-ਜੋਗੀਆਂ ਤੇ ਕਰਮ ਕਾਂਡੀ ਪਾਖੰਡੀਆਂ ਨੂੰ ਖਰੀਆਂ ਖਰੀਆਂ ਸੁਣਾਉਣੋਂ ਕਦੇ ਸੰਕੋਚ ਨਹੀਂ ਕੀਤਾ ਯਥਾ :-

(ੳ) **ਰਾਜੇ ਸੀਹ ਮੁਕਦਮ ਕੁਤੇ ॥**

**ਜਾਇ ਜਗਾਇਨਿ ਬੈਠੇ ਸੁਤੇ ॥** (ਮ: 1 ਪੰਨਾ - 1288)

ਯਥਾ

(ਅ) **ਕਾਦੀ ਕੂੜ ਬੋਲਿ ਮਲੁ ਖਾਇ ॥**

**ਬ੍ਰਾਹਮਣੁ ਨਾਵੈ ਜੀਆ ਘਾਇ ॥**

**ਜੋਗੀ ਜੁਗਤਿ ਨ ਜਾਣੈ ਅੰਧੁ ॥**

**ਤੀਨੇ ਓਜਾੜੇ ਕਾ ਬੰਧੁ ॥** (ਮ: 1 ਪੰਨਾ-662)

## ਦੂਜਾ ਸਿਧਾਂਤ

ਦੂਜਾ ਸਿਧਾਂਤ, ਮਾਰਕਸੀ ਸਮਾਜਵਾਦੀਆਂ ਦਾ ਹੈ- ਰਾਜ ਪ੍ਰਬੰਧਕ ਢਾਂਚੇ ਦਾ ਅਭਾਵ ਕਰ ਦੇਣਾ। ਇਹ ਇਕ ਸੁਹਾਵਣੇ ਸੁਪਨੇ ਤੋਂ ਵਧ ਕੁਝ ਵੀ ਨਹੀਂ। ਇਸ ਦਾਅਵੇ ਦੀ ਨਿਰਾਰਥਕਤਾ ਅਥਵਾ ਥੋਦੇਪਣ ਦਾ ਸਬੂਤ ਇਹੀ ਹੈ ਕਿ ਅਜਿਹਾ ਸਮਾਜ ਹੁਣ ਤਕ ਨਾ ਕਿਤੇ ਅਸਥਾਪਣ ਹੋ ਸਕਿਆ ਹੈ, ਨਾ ਕਦੀ ਕਿਤੇ ਹੋਣ ਦੀ ਸੰਭਾਵਨਾ ਹੈ।

ਮੱਨੁਖ ਵਿਚ ਦੋ ਪਕਾਰ ਦੀਆਂ ਰੁਚੀਆਂ ਕੰਮ ਕਰਦੀਆਂ ਹਨ- ਇਕ ਦੈਵੀ ਤੇ ਦੂਜੀਆਂ ਆਸੁਰੀ (ਸ਼ੈਤਾਨੀ)। ਮੱਨੁਖੀ ਮਨ, ਜੋ ਇਕ ਛਿਨ ਵਿਚ ਦੇਵਤਾ ਹੈ ਉਹੀ ਮਨ ਦੂਜੀ ਛਿਨ ਵਿਚ ਰਾਖਸ਼ ਬਣ ਜਾਂਦਾ ਹੈ। ਮਨ ਦੀ ਇਸ ਥਿਰਤੀ-ਰਹਿਤ ਦਸ਼ਾ ਨੂੰ ਗੁਰੂਦੇਵ ਇਉਂ ਬਿਆਨ ਕਰਦੇ ਹਨ :-

**ਕਬਹੂ ਜੀਅੜਾ ਊਭਿ ਚੜਤੁ ਹੈ ਕਬਹੂ ਜਾਇ ਪਇਆਲੇ ॥**

**ਲੋਭੀ ਜੀਅੜਾ ਥਿਰੁ ਨ ਰਹਤ ਹੈ ਚਾਰੇ ਕੁੰਡਾਂ ਭਾਲੇ ॥** (ਮ:1, ਪੰਨਾ -876)

ਜੇ ਮੱਨੁਖ ਤੋਂ ਸਮਾਜ, ਸੋਸਾਇਟੀ ਅਥਵਾ ਰਾਜ ਦੰਡ ਦਾ ਭੈ ਖਤਮ ਕਰ ਦਿਤਾ ਜਾਵੇ ਅਤੇ ਪ੍ਰਭੂਭੈ ਤੋਂ ਇਹ ਪਹਿਲਾਂ ਹੀ ਇਨਕਾਰੀ ਤੇ ਸਖਣਾ ਹੋਵੇ ਤਾਂ ਇਸ ਦਾ ਰਬ ਹੀ ਰਾਖਾ। ਫਿਰ, ਜਿਸ ਦੀ ਲਾਠੀ ਉਸ ਦੀ ਭੈਂਸ ਵਾਲੀ ਅਵਸਥਾ ਹੀ ਵਾਪਰੇਗੀ। ਜਿਵੇਂ **Rights & Duties (ਹੱਕ ਤੇ ਫਰਜ਼)** ਇਕੱਠੇ ਤੁਰਦੇ ਹਨ ਤਿਵੇਂ 'ਸੁਤੰਤ੍ਰਤਾ' ਤੇ ਪਾਬੰਦੀ ਵੀ ਨਾਲੋਂ ਨਾਲ ਚਲਦੀਆਂ ਹਨ। ਆਜ਼ਾਦੀ ਦਾ ਭਾਵ ਕਦੀ ਵੀ, ਜੋ ਜੀਅ ਚਾਹੇ ਉਸ ਨੂੰ ਕਰ ਗੁਜ਼ਰਨ ਦਾ ਲਾਇਸੈਂਸ ਨਹੀਂ ਹੁੰਦਾ। ਇਸੇ ਨੁਕਤੇ ਨੂੰ ਇਕ ਸ਼ਾਇਰ ਸੰਖੇਪ ਵਿਚ ਇਉਂ ਦ੍ਰਿੜ੍ਹ ਕਰਾਉਂਦਾ ਹੈ :

**ਸ਼ਰਤਿ ਆਜ਼ਾਦੀ ਹੈ, ਆਜ਼ਾਦੀ ਕੀ ਕੁਛ ਪਾਬੰਦੀਆਂ,**

**ਇਨਕਾ ਜੋ ਪਾਬੰਦ ਹੈ, ਵੁਹ ਅਸਲ ਮੇਂ ਆਜ਼ਾਦ ਹੈ ॥**

ਤੁਸੀਂ ਅਜ ਮੱਨੁਖ ਦੀ ਮਨ-ਇੱਛਤ ਤੇ ਆਪ ਹੁਦਰੀ ਆਜ਼ਾਦੀ ਉਤੇ ਲਗੀਆਂ ਪਾਬੰਦੀਆਂ ਉਡਾ ਦਿਓ, ਕਲ ਹੀ ਇਥੇ ਜੰਗਲ ਦਾ ਕਾਨੂੰਨ **(Law of Jungle)** ਲਾਗੂਹੋ ਕੇ ਕੁਹਰਾਮ ਮੱਚ ਜਾਵੇਗਾ।

ਮਾਰਕਸੀ ਸਮਾਜਵਾਦੀਆਂ ਦਾ ਵੱਡਾ ਮੰਤਵ ਇਹ ਹੈ ਕਿ ਮੱਨੁਖੀ-ਮਨ ਤੋਂ ਧਨ ਦੌਲਤ, ਜਾਇਦਾਦ ਦੇ ਖਿਆਲ ਦਾ ਅਭਾਵ ਕੀਤਾ ਜਾਵੇ। ਮੱਨੁਖ ਵਿਚ 'ਸੰਜਮ ਦੀ ਰੁਚੀ ਪੈਦਾ ਕਰਨ ਦੀ ਥਾਂ ਉਹ ਸਮਝਦੇ ਹਨ ਕਿ 'ਮੇਰਾ ਘਰ' ਮੇਰਾ ਧਨ' ਮੇਰੀ ਜਾਇਦਾਦ ਦੇ ਖ਼ਿਆਲ ਦੇ ਮਿਟਣ ਨਾਲ ਹੀ ਸਹੀ ਸਮਾਜਵਾਦ ਤੇ ਸਾਂਝੀਵਾਲਤਾ ਆ ਸਕਦੀ

ਹੈ। ਇਸ ਮੰਤਵ ਦੀ ਪੂਰਤੀ ਲਈ ਉਨ੍ਹਾਂ ਦੀ ਵੀਚਾਰ-ਧਾਰਾ ਇਸ ਹਦ ਤਕ ਚਲੀ ਜਾਂਦੀ ਹੈ ਕਿ ਮੇਰੀ ਮਾਤਾ, ਮੇਰਾ ਪਿਤਾ, ਮੇਰੇ ਭੈਣ ਭਰਾ ਤਕ ਦਾ ਖ਼ਿਆਲ ਵੀ ਮੱਨੁਖੀ ਮਨ ਤੋਂ ਮੇਟਿਆ ਜਾਵੇ। ਜੇ ਇਹ ਅਪਣੱਤ ਕਾਇਮ ਰਹੀ ਤਾਂ 'ਮੇਰੀ ਜਾਇਦਾਦ' ਦਾ ਖਿਆਲ ਵਾਪਸ ਆ ਜਾਣ ਦੀ ਸੰਭਾਵਨਾ ਹੈ ਅਤੇ ਇਸ ਤਰ੍ਹਾਂ ਵਰਗ-ਰਹਿਤ (Classless ) ਸਮਾਜ ਦਾ ਹੋਂਦ ਵਿਚ ਆਉਣਾ ਸੰਭਵ ਨਹੀਂ।

ਇਸ ਔਕੜ ਦੇ ਹਲ ਬਾਰੇ ਵੀ ਉਨ੍ਹਾਂ ਦੇ ਵੀਚਾਰ ਬੜੇ ਅਣਹੋਣੇ, ਗੈਰ-ਕੁਦਰਤੀ ਤੇ ਗੈਰ ਮਨੋਵਿਗਿਆਨਿਕ ਹਨ। ਇਸ ਸੰਬੰਧੀ ਬੀਟਰਸ ਤੇ ਵੈਬ ਕਮਯੂਨਿਜ਼ਮ ਬਾਰੇ ਲਿਖੀ ਆਪਣੀ ਪੁਸਤਕ ਦੇ ਪੰਨਾ 1060 ਉਤੇ ਲਿਖਦੇ ਹਨ ਕਿ ਕਮਯੂਨਿਸਟਾਂ ਦੇ ਵੀਚਾਰ ਅਨੁਸਾਰ ਪਤੀ ਪਤਨੀ ਦੀ ਰੀਤ ਖ਼ਤਮ ਕਰ ਕੇ ਸਭ ਦੀਆਂ ਸਾਂਝੀਆਂ ਔਰਤਾਂ ਹੀ ਹੋਣੀਆਂ ਚਾਹੀਦੀਆਂ ਹਨ। ਇਸ ਨੂੰ ਉਹ Community of wives ਦਾ ਨਾਮ ਦਿੰਦੇ ਹਨ। ਇਹ ਇਕ ਤਰ੍ਹਾਂ ਨਾਲ ਇਸਤ੍ਰੀਆਂ ਦੇ 'ਕੌਮੀ ਕਰਣ ਕਰਨ' ਵਾਲੀ ਗਲ ਹੈ। ਉਹਨਾਂ ਦੇ ਸਿਧਾਂਤ ਅਨੁਸਾਰ ਬੱਚੇ, ਜਨਮ ਉਪ੍ਰੰਤ, ਸਰਕਾਰੀ ਦੇਖ-ਰੇਖ ਵਿਚ ਪਲਣ ਤਾਂ ਜੋ ਕਿਸੇ ਬੱਚੇ ਨੂੰ ਇਹ ਖ਼ਿਆਲ ਤਕ ਵੀ ਨਾ ਆਵੇ ਕਿ ਇਹ 'ਮੇਰਾ' ਪਿਤਾ ਹੈ, ਇਹ 'ਮੇਰੀ' ਮਾਤਾ ਹੈ ਜਾਂ ਇਹ ਮੇਰੇ ਭੈਣ ਭਰਾ ਹਨ । ਇਸ ਤਰ੍ਹਾਂ ਸੰਤਾਨ (ਆਉਂਦੀ ਨਸਲ) ਅੰਦਰੋਂ ਇਸ ਮੇਰੀ 'ਸੰਪਤੀ' ਹੈ ਦੇ ਖ਼ਿਆਲ ਦਾ ਅਭਾਵ ਸੁਤੇ ਸਿਧ ਹੀ ਹੋ ਜਾਵੇਗਾ। ਇਹ ਗਲ ਕਿਤਨੀ ਅਣਹੋਣੀ, ਗੈਰ ਕੁਦਰਤੀ, ਅਸੁਭਾਵਕ ਤੇ ਸਮਾਜਕ ਢਾਂਚੇ ਨੂੰ ਕਿਵੇਂ ਖੇਰੂੰ ਖੇਰੂੰ ਕਰਨ ਵਾਲੀ ਹੈ, ਪਾਠਕ-ਜਨ ਆਪ ਹੀ ਨਿਰਣਾ ਕਰ ਲੈਣ।

ਸ੍ਰੀ ਗੁਰੂਗਰੰਥ ਸਾਹਿਬ ਵਿਚ ਆਈ ਬਾਣੀ ਗੁਰੂਸਾਹਿਬਾਨ ਤੇ ਹੋਰ ਮਹਾਂ ਪੁਰਸ਼ਾਂ ਦਾ ਅਧਿਆਤਮਕ ਤਜਰਬਿਆਂ ਦਾ ਤੱਤ ਹੈ। ਜੀਵਨ ਵਿਚ ਕਿਉਂਕਿ ਧਾਰਮਿਕ ਸਮਾਜਕ, ਰਾਜਨੀਤਕ ਤੇ ਆਰਥਕ ਪੱਖ ਇਕ ਦੂਜੇ ਤੋਂ ਨਾ ਕੇਵਲ ਅਨਿਖੱੜਵੇਂ ਹੀ ਹਨ, ਸਗੋਂ ਆਪਸ ਵਿਚ ਦੀ ਡੂੰਘਾ ਪ੍ਰਭਾਵ ਕਬੂਲਦੇ ਤੇ ਸੰਬੰਧ ਰਖਦੇ ਹਨ। ਇਸ ਲਈ ਸਤਿਗੁਰਾਂ ਨੇ ਜੀਵਨ ਦੇ ਸਾਰੇ ਪੱਖਾਂ ਬਾਰੇ ਹੀ ਸਹੀ ਤੇ ਸਪਸ਼ਟ ਸੇਧ ਦਿਤੀ ਹੈ। ਗੁਰਬਾਣੀ ਵਿਚ ਇਹੀ ਨਹੀਂ ਦਸਿਆ ਕਿ ਪ੍ਰਭੂਦੇ ਆਸ਼ਕ ਕਿਵੇਂ ਬਣੀਦਾ ਹੈ, ਸਗੋਂ ਨਾਲ ਇਹ ਵੀ ਦਸਣ ਦਾ ਉਪਕਾਰ ਤੇ ਉਪਰਾਲਾ ਕੀਤਾ ਗਿਆ ਹੈ ਕਿ ਗ੍ਰਿਸਤੀ ਨੇ ਮਨ ਬਚਨ ਤੇ ਕਰਮ ਕਰਕੇ ਗੰਗਾ ਦੇ ਨੀਰ ਵੱਤ. ਨਿਰਮਲ ਕਿਵੇ ਹੋਣਾ ਹੈ, ਮਾਨ ਅਪਮਾਨ ਤੋਂ ਉਚੇਰਾ ਹੋ ਕੇ ਸੇਵਕ ਕਿਵੇਂ ਬਣਨਾ ਹੈ, ਸੰਤੋਖੀ ਹੋ ਕੇ ਸਰਬੱਤ ਦੀ ਸੇਵਾ ਕਿਵੇਂ ਨਿਭਾਉਣੀ ਹੈ, ਚਾਕਰੀ ਕਿਵੇਂ ਕਰਨੀ ਹੈ, ਬਿਉਪਾਰ ਕਿਵੇਂ ਚਲਾਉਣਾ ਹੈ, ਸਫਲ ਵਾਹੀ ਖੇਤੀ ਦਾ ਕੰਮ ਕਿਵੇਂ ਕਰਨਾ ਹੈ, ਬਿਉਪਾਰ ਕਿਵੇਂ ਚਲਾਉਣਾ ਹੈ, ਸਫਲ ਵਾਹੀ ਖੇਤੀ ਦਾ ਕੰਮ ਕਿਵੇਂ ਕਰਨਾ ਹੈ, ਸੇਵਾ ਕਰ ਕੇ ਹੱਥ ਪੈਰ ਸਫਲ ਕਿਵੇਂ ਕਰਨੇ ਹਨ ਅਤੇ ਸਭ ਨੂੰ ਏਕ ਪਿਤਾ, ਪ੍ਰਭੂਦੀ ਸੰਤਾਨ ਮੰਨ ਕੇ ਸਰਬਤ ਦੇ ਭਲੇ ਦੀ ਲੋਚਾ ਕਿਵੇਂ ਕਰਨੀ ਅਤੇ ਉਹਨਾਂ ਦੇ ਦੁਖ ਸੁਖ ਵਿਚ ਕਿਵੇਂ ਸਹਾਈ ਹੋਣਾ ਹੈ।

**ਸੋ ਗਿਰਹੀ ਜੋ ਨਿਗ੍ਰਹੁ ਕਰੈ ॥ ਜਪੁ ਤਪੁ ਸੰਜਮ ਭੀਖਿਆ ਕਰੈ ॥**

**ਪੁੰਨ ਦਾਨ ਕਾ ਕਰੈ ਸਰੀਰੁ ॥ ਸੋ ਗਿਰਹੀ ਗੰਗਾ ਕਾ ਨੀਰੁ ॥** (ਮਹਲਾ 1 ਪ: -952)

ਅਜ ਦਾ ਸਿੱਖ-ਗਭਰੂਆਪਣੇ ਮਹਾਨ ਵਿਰਸੇ-ਗੁਰਬਾਣੀ ਤੇ ਇਤਿਹਾਸ ਵਿਚ ਛੁਪੇ * ਪਿਉ ਦਾਦੇ ਦੇ ਖ਼ਜਾਨੇ' ਨੂੰ ਖੋਲ੍ਹ ਕੇ ਵੇਖਣ ਵੀਚਾਰਣ ਦੀ ਥਾਂ ਹਰ ਚਮਕਦੀ ਤੇ ਓਪਰੀ ਚੀਜ਼ ਨੂੰ ਸੋਨਾ ਸਮਝਣ ਦੀ ਮਾਰੂਭੁਲ ਕਰ ਰਿਹਾ ਹੈ। ਗੁਰਮਤਿ, ਮੱਨੁਖ ਦੇ ਜੀਵਨ ਦੇ ਸਾਰੇ ਪੱਖ ਇਕ ਸਮਾਨ ਉਸਾਰਦੀ, ਉਭਾਰਦੀ ਤੇ ਉਸ ਨੂੰ ਸਹਿਜ ਮਾਰਗ ਦਾ ਪਾਧੀ ਬਣਾਉਂਦੀ ਹੈ, ਜਦ ਕਿ ਹੋਰ 'ਇਜ਼ਮ' ਜੀਵਨ ਦੀ ਇਕ ਪੱਖੀ ਉਸਾਰੀ ਕਰਦੇ ਹਨ। ਐਸੀ ਸਥਿਤੀ ਵਿਚ ਫਿਰ ਇਨਸਾਨ ਨੂੰ ਬਾਹਰ ਭਟਕਣ ਵਿਚ ਸੁਖ ਤੇ ਸ਼ਾਂਤੀ ਕਿਥੇ? ਅੱਜ ਸਾਇੰਸ ਦੀ ਬਰਕਤ ਨਾਲ ਜੀਵਨ ਦੇ ਪਦਾਰਥ ਖੇਤਰਾਂ ਵਿਚ ਇਤਨੀ ਉਨਤੀ ਹੋ ਜਾਣ ਦੇ ਬਾਵਜੂਦ ਇਸ ਦਾ ਅਸ਼ਾਂਤੀ ਤੇ ਸਰਵ ਨਾਸ਼ ਵਲ ਵਧਣਾ ਕੁਦਰਤੀ ਹੈ।

ਸਿੱਖ ਧਰਮ ਵਰਤਮਾਨ ਜੁਗ ਦਾ ਧਰਮ ਹੈ। ਸ੍ਰੀ ਗੁਰੂਗ੍ਰੰਥ ਸਾਹਿਬ ਤੋਂ ਛੁਟ ਹੋਰ ਕਿਹੜਾ ਧਰਮ ਗਰੰਥ ਹੈ, ਜੋ ਅਨੇਕਾਂ ਧਰਤੀਆਂ ਕ੍ਰੋੜਾਂ ਚੰਦਾਂ, ਸੂਰਜਾਂ ਮੰਡਲਾ ਅਤੇ ਬ੍ਰਹਮੰਡਾ ਦੀ ਗਲ ਕਰਦਾ ਹੋਵੇ? ਇਸ ਵਹਿਮਾਂ, ਭਰਮਾਂ ਤੇ ਗਲਤ ਮਨੌਤਾਂ ਨੂੰ ਕੋਈ ਥਾਂ ਨਹੀਂ। ਇਸ ਦਾ ਮਸ਼ਵਰਾ ਹੈ :-

**ਅਕਲੀ ਸਾਹਿਬੁ ਸੇਵੀਐ ਅਕਲੀ ਪਾਈਐ ਮਾਨੁ ॥**

**ਅਕਲੀ ਪੜਿ ਕੈ ਬੁਝੀਐ ਅਕਲੀ ਕੀਚੈ ਦਾਨੁ ॥** (ਮ: 1 ਪੰ: 1245)

**ਯਥਾ**

**ਸੁਣਿ ਮੁੰਧੇ ਹਰਣਾਖੀਏ ਕੂੜਾ ਵੈਣੁ ਅਪਾਰੁ ॥**

**ਪਹਿਲਾ ਵਸਤੁ ਸਿਞਾਣਿ ਕੈ ਤਾਂ ਕੀਚੈ ਵਾਪਾਰੁ ॥** (ਮ: 1, ਪੰ: 141●)

ਸਵੇਰੇ ਸ਼ਾਮ ਨਿਤਾਪ੍ਰਤੀ, ਅਰਦਾਸ ਵਿਚ ਜੁੜ ਕੇ ਸਰਬਤ ਦਾ ਭਲਾ ਮੰਗਣ ਵਾਲਾ ਗੁਰੂਨਾਨਕ ਦੇਵ ਜੀ ਦਾ 'ਨਿਰਮਲ ਪੰਥ' ਵਿਸ਼ਵ ਭਾਈਚਾਰੇ ਦਾ ਹਾਮੀ ਹੈ। ਇਹ ਆਪਣੀ ਥਾਂ ਮੁਕੰਮਲ ਇਨਸ਼ਾਨੀਅਤ ਹੈ। ਇਸ ਪੰਥ ਦੇ ਪਾਂਧੀ ਨੇ ਪੂਰਨ-ਸ਼ਰਧਾ ਵਿਸ਼ਵਾਸ ਤੇ ਦ੍ਰਿੜਤਾ ਨਾਲ ਗੁਰਮੁਖ, ਜ਼ਾਹਿਰ ਪੀਰ- ਜਗਤ -ਗੁਰੂਬਾਬੇ -ਦੇ ਦਸੇ 'ਗਾਡੀ ਰਾਹ' ਉਤੇ ਤੁਰਨਾ ਤੇ 'ਪਗਡੰਡੀਆਂ ਤੋਂ ਬਚਣਾ ਹੈ। ਫਿਰ ਕੋਈ ਮੰਜਲ ਐਸੀ ਨਹੀਂ, ਜੋ ਆਪ ਤੁਰਕੇ ਇਸ ਦੇ ਕਦਮਾਂ ਵਿਚ ਨ ਆ ਜਾਵੇ। ਹਰ ਪਖੋਂ ਸਫਲ ਜੀਵਨ ਲਈ ਡਾਕਟਰ ਐਚ. ਐਲ. ਬ੍ਰਾਡਸ਼ਾਹ ਦੀ ਗਲ ਨਹੀਂ ਭੁਲਣੀ ਕਿ ਸਾਰੇ ਧਰਮਾਂ ਵਿਚ ਸਚਾਈ ਦਾ ਅਨਸਰ ਹੈ ਪਰੰਤੂਸਿੱਖ ਧਰਮ-ਗੁਰਮਤਿ-ਇਕ ਭਰਪੂਰ ਸਚਾਈ ਹੈ, ਸਾਰੀ ਸਚਾਈ। ਉਹ ਲਿਖਦਾ ਹੈ ਕਿ

**ਫੁਟਨੋਟ ***

**ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ ॥ ਤਾਂ ਮੇਰੈ ਮਨਿ ਭਇਆ ਨਿਧਾਨਾ ॥**

**ਰਤਨ ਲਾਲ ਜਾਕਾ ਕਛੂਲ ਮੋਲੁ ॥ ਭਰੇ ਭੰਡਾਰ ਅਖੁਟ ਅਤੋਲ ॥**

**ਖਾਵਹਿ ਖਰਚਹਿ ਰਲਿ ਮਿਲਿ ਭਾਈ ॥ ਤੋਟਿ ਨ ਆਵੈ ਵਧਦੋ ਜਾਈ ॥**

**ਕਹੁ ਨਾਨਕ ਤਿਸੁ ਮਸਤਕਿ ਲੇਖ ਲਿਖਾਇ ॥ ਸੁ ਏਤੁ ਖਜਾਨੈ ਲਇਆ ਰਲਾਇ ॥** (ਮ: ੫ ਪੰ: 168)

'ਸਿੱਖੀ ਇਕ ਸਰਬ-ਵਿਆਪਕ ਅਥਵਾ ਸੰਪੂਰਨ ਜਗਤ-ਧਰਮ ਹੈ, ਅਤੇ ਮੱਨੁਖ ਮਾਤ੍ਰ ਨੂੰ ਸਮਾਨ ਸੰਦੇਸ਼ ਦਿੰਦਾ ਹੈ, ਇਸ ਗਲ ਦੀ ਗੁਰਬਾਣੀ ਵਿਚ ਰੱਜ ਕੇ ਵਿਆਖਿਆ ਕੀਤੀ ਗਈ ਹੈ। ਸਿੱਖਾਂ ਨੂੰ ਇਉਂ ਸੋਚਣਾ ਬੰਦ ਕਰ ਦੇਣਾ ਚਾਹੀਦਾ ਹੈ ਕਿ ਸਿੱਖੀ ਇਕ ਹੋਰ ਚੰਗਾ ਧਰਮ ਹੈ, ਸਗੋਂ ਇਸਦੇ ਉਲਟ ਇੰਞ ਸੋਚਣਾ ਚਾਹੀਦਾ ਹੈ ਕਿ ਕੇਵਲ ਸਿੱਖੀ ਹੀ ਨਵੇਂ ਯੁਗ ਦਾ ਧਰਮ ਹੈ। ਸ੍ਰੀ ਗੁਰੂਨਾਨਕ ਦੇਵ ਜੀ ਵਲੋਂ ਪਰਚਾਰਿਆ ਧਰਮ ਹੀ ਨਵੇਂ ਯੁਗ ਦਾ ਧਰਮ ਹੈ। ਇਹ ਪੂਰਨ ਤੌਰ ਤੇ ਪੁਰਾਣੇ ਮੱਤਾ ਦੀ ਥਾਂ ਮਲਦਾ ਹੈ, ਇਹ ਗਲ ਸਿਧ ਕਰਨ ਲਈ ਪੁਸਤਕਾਂ ਲਿਖਣ ਦੀ ਸਖਤ ਲੋੜ ਹੈ। ਦੂਜੇ ਮਤ ਸਚਾਈ ਰਖਦੇ ਹਨ, ਪਰੰਤੂ ਸਿੱਖ ਮਤ ਭਰਪੂਰ ਸਚਾਈ ਹੈ।

ਗੁਰੂਨਾਨਕ ਦੇਵ ਜੀ ਹੀ ਇਕ ਐਸੀ ਵਿਸ਼ੇਸ਼ ਹਸਤੀ ਹਨ, ਜੋ ਇਹ ਦਸਦੇ ਹਨ ਕਿ ਸਾਡੀ ਧਰਤੀ ਤੋਂ ਬਿਨਾਂ ਹੋਰ ਵੀ ਧਰਤੀਆਂ ਤੇ ਮੰਡਲ ਆਦਿ ਹਨ। ਪਹਿਲੀਆਂ ਧਰਮ ਪੁਸਤਕਾਂ ਤਾਂ ਬਸ ਇਸ ਲੋਕ ਅਤੇ ਪਰਲੋਕ (ਸੁਰਗ) ਨਾਲ ਹੀ ਵਾਸਤਾ ਰਖਦੀਆਂ ਸਨ। ਇਹ ਕਹਿਣਾ ਕਿ ਉਨ੍ਹਾਂ ਪੁਸਤਕਾਂ ਵਿਚ ਹੋਰਨਾਂ ਧਰਤੀਆਂ ਦਾ ਵਰਣਨ ਹੈ, ਉਨ੍ਹਾਂ ਦੇ ਅਰਥਾਂ ਨੂੰ ਖਿੱਚਣ ਅਥਵਾ ਧੂਘਸੀਟ ਕਰਨ ਵਾਲੀ ਗਲ ਹੈ, ਆਦਿ ਆਦਿ।

ਸਚਾਈ ਇਹ ਹੈ ਕਿ ਸਿੱਖ ਧਰਮ ਵਰਤਮਾਨ ਮੱਨੁਖ ਦੀਆਂ ਉਲਝਣਾਂ ਦਾ ਵਾਹਿਦ ਹੱਲ ਤੇ ਪ੍ਰਸ਼ਨਾਂ (ਸੰਸਿਆਂ) ਦਾ ਉੱਤਰ ਹੈ।"

ਐ ਗੁਰਸਿਖ, ਉੱਠ ਤੇ ਸਮਸਤ ਸੰਸਾਰ ਦੀਆਂ ਧਰਮ ਭੁਖੀਆਂ ਰੂਹਾਂ ਨੂੰ ਪਿਆਰ ਤੇ ਹਲੇਮੀ ਨਾਲ ਦੁਖੀ ਅਵਤ ਦੇਹਿ ਕਿ ਉਹ ਸਾਂਝੀਵਾਲਤਾ ਬਾਰੇ ਸਤਿਗੁਰੂਆਂ ਵਲੋਂ ਕੀਤੇ ਸਫਲ ਤਜਰਬੇ ਦੇ ਭਾਈਵਾਲ ਬਣਨ। ਇਹ ਕਿਤਨਾ ਦੁਖਾਂਤ ਹੋਵੇਗਾ ਕਿ ਕੌਮੀਅਤ, ਖੁਦੀ, ਬਖੀਲੀ, ਤਕੱਬਰੀ, ਘਿਰਣਾ, ਦੁਬਿਧਾ ਅਸਮਾਨਤਾ ਜ਼ਾਤ-ਪਾਤ, ਨਸਲੀ ਵਿਤਕਰਿਆਂ, ਅਵਿਸ਼ਵਾਸ ਤੇ ਈਰਖਾ ਦੀ ਪ੍ਰਚੰਡ ਅਗਨੀ ਨਾਲ ਦਖੀ ਹੋ ਰਹੀ, ਲੋਕਾਈ ਨੂੰ ਉਭਾਰਨ ਦੀ ਥਾਂ ਤੂੰ ਆਪ ਹੀ ਈਮਾਨੋਂ ਥਿੜਕਿਆ ਫਿਰੇਂ ! ਉੱਠ, "ਬਾਬੇ ਦੇ ਨੌਂਨਿਧ ਨਾਮ ਤੇ ਨਿੰਮ੍ਰਤਾ ਦੇ ਹੱਟ" ਤੋਂ ਸਿਦਕ ਦੀ ਚੁੰਗ ਪਾ ਕੇ ਸੱਚੇ ਸੁਚੇ ਵਿਚਾਰ, ਤੇ ਆਚਾਰ ਦਾ ਸੌਦਾ ਖਰੀਦ। ਆਪ ਰੱਜ ਰੱਜ ਗੱਫੇ ਲਾ ਤੇ ਹੋਰਨਾਂ ਨੂੰ ਲੁਆ। ਫੇਰ ਮੱਨੁਖ ਤਾਂ ਕੀ ਫ਼ਰਿਸ਼ਤੇ ਵੀ ਤੇਰੀ ਚਰਨ-ਧੂੜ ਨੂੰ ਤਰਸਣਗੇ ਅਤੇ ਅਰਸ਼ੀ ਸਤਿਗੁਰੂ ਦਾ ਆਪ 'ਜਪਣ' ਤੇ ਹੋਰਨਾਂ ਨੂੰ ਨਾਮ 'ਜਪਾਉਣ' ਦਾ ਰਿਣ ਤੇਰੇ ਸਿਰੋਂ ਲਥ ਜਾਏਗਾ।

ਇਸ ਵਿਚ ਕੋਈ ਸੰਦੇਹ ਨਹੀਂ ਕਿ 'ਗੁਰਸਿਖੀ' ਦੀ ਕਮਾਈ ਵਿਚ ਰੱਤੇ ਸਮਾਜਵਾਦ ਦਾ ਰਸਤਾ ਭੀ ਬੜਾ ਬਿਖਮ ਹੈ। ਤੀਜੇ ਗੁਰਦੇਵ ਇਸ ਨੂੰ ਖੰਡੇ ਨਾਲੋਂ ਤਿੱਖਾ ਤੇ ਵਾਲ ਨਾਲੋਂ ਬਰੀਕ ਦਸਦੇ ਹਨ। ਇਹ ਖੋਹਾ ਖਾਹੀ ਦੀ ਥਾਂ ਆਪ-ਵਾਰਨ ਤੇ ਸ੍ਵੈਤਿਆਗ (Self Denial) ਦਾ ਮਾਰਗ ਹੈ। ਜਿਥੇ ਮਾਰਕਸਵਾਦੀ ਸਮਾਜਵਾਦ ਨੂੰ ਖੂਨੀ ਇਨਕਲਾਬ ਰਾਹੀਂ ਲਿਆਉਣ ਦੇ ਹਾਮੀ ਹਨ, ਓਥੇ ਸਿੱਖੀ ਇਸ ਨਿਸ਼ਾਨੇ ਦੀ ਪੂਰਤੀ ਲਈ ਸੱਤ, ਸੰਤੋਖ ਸੇਵਾ ਤੇ ਆਪਾ ਵਾਰਨ ਦਾ ਰਸਤਾ ਅਪਣਾਉਂਦੀ ਹੈ। ਪਿਆਰ, ਪ੍ਰੇਮ ਅਥਵਾ ਇਸ਼ਕ ਦਾ ਰਸਤਾ ਹੀ ਤਿਆਗ ਦਾ ਦੂਜਾ ਨਾਮ ਹੈ। ਇਹੀ ਕਾਰਨ ਹੈ ਕਿ ਜਦ ਸਤਿਗੁਰੂ ਲੋਕਾਈ ਨੂੰ ਸਬਰ, ਸੰਤੋਖ-ਭਰਪੂਰ ਸੇਵਾ ਮਾਰਗ ਦੀ ਦਾਅਵਤ ਦਿੰਦੇ ਹਨ ਤਾਂ ਕਿਸੇ ਪ੍ਰਕਾਰ ਦਾ ਲਾਲਚ ਜਾਂ ਲਾਰਾ ਦੇਣ ਦੀ ਥਾਂ ਸਿੱਖੀ ਮਾਰਗ ਵਿਚ ਤਲੀ ਉਤੇ ਰਖ ਕੇ ਭਾਵ, ਆਪੇ ਦਾ ਅਭਾਵ ਕਰਕੇ, ਆਉਣ ਦੀ ਤਾਕੀਦ ਕਰਦੇ ਹਨ । ਉਹਨਾਂ ਦੀ ਲਲਕਾਰ ਹੈ :-

**ਜਉ ਤਉ ਪ੍ਰੇਮ ਖੇਲਣ ਕਾ ਚਾਉ ॥**

**ਸਿਰੁ ਧਰਿ ਤਲੀ ਗਲੀ ਮੇਰੀ ਆਉ ॥**

**ਇਤੁ ਮਾਰਗਿ ਪੈਰੁ ਧਰੀਜੈ ॥**

**ਸਿਰੁ ਦੀਜੈ ਕਾਣਿ ਨ ਕੀਜੈ ॥** (ਸਲੋਕ ਵਾਰਾਂ ਤੇ ਵਧੀਕ)

ਇਸੇ ਲਲਕਾਰ ਦੀ ਰਸਮ ਨੂੰ ਜਦ ਕਲਗੀਧਰ ਜੀ ਦਾ ਅਨਿੰਨ ਸਿੱਖ, ਭਾਈ ਨੰਦ ਲਾਲ ਜੀ 'ਗੋਯਾ'-ਸਮਝ ਪਾਇਆ ਤਾਂ ਉਹ ਵੀ ਕਿਸੇ ਅਗੰਮੀ ਮਸਤੀ ਵਿਚ ਬੇ-ਸਾਖ਼ਤਾ ਪੁਕਾਰ ਉਠਿਆ।

**ਐ ਗੁਲਫ਼ਜ਼ਲ 'ਗੋਇਆ' ਅਜ਼ ਇਸ਼ਕਿ ਓ ਮ-ਜ਼ਨ ਦੱਮ,**

**ਕੋ ਪਾ ਨਿਹੱਦ ਕਰੀਂ ਰਾਹ, ਆਂ ਰਾ ਕਿ ਸਰ ਨਾ ਬਾਸ਼ਦ ॥**

**ਭਾਵ :-** 'ਗੋਇਆ' ਜੀ (ਨੰਮਰਤਾ ਭਾਵ ਵਿਚ ਆ ਕੇ ਕਹਿੰਦੇ ਹਨ) ਕਿ ਵਧਕੇ ਚੜ੍ਹਕੇ ਇਸ਼ਕ ਦੀਆਂ ਗਲਾਂ ਕਰਨ ਵਾਲੇ 'ਗੋਇਆ' ਪਿਆਰੇ ਸਤਿਗੁਰੁ ਦੇ ਪ੍ਰੇਮ ਦਾ ਦਮ ਨ ਮਾਰ (ਮਾਣ ਨ ਕਰ); ਕਿਉਂ ਜੋ ਪ੍ਰੇਮ ਦੇ ਰਾਹ ਵਿਚ ਤੁਰਨ ਵਾਲਿਆਂ ਦੇ ਸਿਰ ਨਹੀਂ ਹੁੰਦੇ-ਭਾਵ, ਪ੍ਰੇਮ ਦੇ ਰਸਤੇ, ਸਿਰ ਧੜ ਦੀ ਬਾਜ਼ੀ ਲਾ ਕੇ ਤੇ ਆਪਾ ਵਾਰ ਕੇ ਹੀ ਪੈਰ ਰਖਿਆ ਜਾਂਦਾ ਹੈ। ਤਥਾਂ :

**ਮੰਜ਼ਲਿ ਇਸ਼ਕ ਦਰਾਜ਼ ਅਸਤ ਬੱਪਾ ਨਤਵਾਂ ਰਫ਼ਤ ।**

**ਸਰ ਕਦਮ ਸਾਜ਼, ਕਿ ਤਾ ਦਰ ਰਹਿ ਆਂ ਯਾਰ ਸ਼ਵੀ ।**

(**ਭਾਵ** : ਖਾਲਿਕ ਤੇ ਉਸ ਦੀ ਖਲਕਤ ਨਾਲ ਪਿਆਰ ਕਰਨ ਵਾਲਾ ਪੰਧ ਲੰਮਾ ਹੈ। ਪੈਰਾਂ ਨਾਲ ਮੰਜ਼ਲ ਤੇ ਪੁਜ ਸਕਣਾ ਸੰਭਵ ਨਹੀਂ। ਇਸ ਲਈ ਸਿਰ ਨੂੰ ਪੈਰ ਬਣਾ, ਤਾਂ ਜੋ ਮਿੱਤਰ (ਸਤਿਗੁਰੁ ਦੇ ਰਸਤੇ ਤੁਰ ਸਕੇਂ) ।

ਵਾਹਵਾ, ਕਿਆ ਪੰਥ ਹੈ, ਪਿਆਰ ਹੀ ਪਿਆਰ ਦਾ ।

ਜਦ ਤੇਰੀ ਮੰਜ਼ਲ ਦੂਰ ਤੇ ਰਸਤਾ ਬਿਖਮ ਹੈ ਤਾਂ ਫੇਰ ਹੋਰ ਢਿਲ ਕਿਉਂ ਤੇ ਕਾਹਦੇ ਲਈ? ਯਾਦ ਰਖ-

ਮੁਸਾਫਿਰ ਸ਼ਬ ਕੋ ਉਠਤੇ ਹੈਂ, ਜੋ ਜਾਨਾ ਦੂਰ ਹੋਤਾ ਹੈ।

ਸੋ, ਉੱਠ ਤੇ ਸ੍ਰੀ ਦਸ਼ਮੇਸ ਸਤਿਗੁਰੁ ਦਾ ਖਾਸ ਰੂਪ ਖਾਲਸਾ ਤੇ ਸਪੁਤ੍ਰ ਹਣ ਦੇ ਨਾਤੇ ਗੁਰਮਤਿ ਦੇ ਅਬਦੀ (ਅਮਰ, ਸਦੀਵੀ) ਗੁਣਾਂ ਨਾਲ ਭਰਪੂਰ ਸਮਾਜਵਾਦ ਦੀ ਆਮਦ ਦੀ ਸੋਅ ਤੇ ਲੋਅ ਸਮਸਤ ਸੰਸਾਰ ਦੀਆਂ ਬੇਤਾਬ ਫੁਲ ਰੂਹਾਂ ਨੂੰ ਉਸੇ ਤਰ੍ਹਾਂ ਦੇਣ ਦਾ ਉਪਰਾਲਾ ਕਰ ਜਿਵੇਂ ਕਦੀ ਭਾਈ ਨੰਦ ਲਾਲ ਸਿੰਘ ਜੀ ਨੇ ਬੁਲਬੁਲ ਦਾ ਦ੍ਰਿਸ਼ਟਾਂਤ ਦਿੰਦਿਆਂ ਹੋਇਆਂ ਸ੍ਰੀ ਗੁਰੂਗੋਬਿੰਦ ਸਿੰਘ ਜੀ ਦੀ ਆਮ ਦਾ ਪੈਗਾਮ ਦਾ ਫੁਲ-ਰੂਪੀ ਗੁਰਸਿਖਾਂ ਨੂੰ ਦਿਤਾ ਸੀ -

**ਖਬਰ ਦਿਹੰਦਿ ਬ-ਗੁਲਹਾ, ਕਿ ਸ਼ਗੁਫਤਦ ਹਮਾ**

**ਅਜ਼ੀਂ ਨਵੇਦ ਕਿ ਬੁਲਬੁਲਿ ਹਜ਼ਾਰ ਆਮਦ ।।**

**(ਭਾਵ ਫੁੱਲਾਂ** (ਜਯਿਆਸੂਆਂ ਗੁਰਸਿੱਖਾ ਨੂੰ ਇਬਰ ਕਰ ਦਿਤੋ ਕਿ ਉਹ ਸਾਰੇ ਖਿੜ ਜਾਣ ਇਸ ਖੁਸ਼ਖ਼ਬਰੀ ਨਾਲ ਕਿ ਮਿੱਠਾ ਬੋਲਣ ਵਾਲੀ (ਹਜ਼ਾਰ ਦਾਸਤਾਨ) ਬੁਲਬੁਲ ਆ ਗਈ ਹੈ। ਮਿਠਾ-ਬੋਲਾ ਪ੍ਰੀਤਮ ਸ੍ਰੀ ਦਸ਼ਮੇਸ਼ ਪੂਰਨ ਮਨੁਖ-ਖਾਲਸਾ ਦੀ ਸਿਰਜਨਾ ਲਈ ਆ ਗਿਆ)

ਰੋਰ ਵੇਖ ਤੇਰੇ ਪ੍ਰੇਸ਼ਾਨ ਤੇ ਚਿੰਤਾਤਰ ਦਿਲ ਨੂੰ ਸਕੂਨ ਦੇਣ ਤੇ ਠੰਢਾ ਵਰਤਾਉਣ ਵਾਲੇ ਪਿਆਰ-ਭਰਪੂਰ ਸਿਖ ਸਮਾਜ ਦਾ ਬੋਲ-ਬਾਲਾ ਕਰਨ ਲਈ ਇਕ ਦੂਰ-ਦਰਸ਼ੀ ਸ਼ਾਇਰ, ਤੈਨੂੰ ਕਿਵੇਂ ਚੜ੍ਹਦੀ ਕਲਾ ਵਿਚ ਵਿਚਰਨ ਅਤੇ ਪ੍ਰੀਤ-ਦੀਪ ਜਗਾਉਣ ਦਾ ਨੇਕ ਮਸ਼ਵਰਾ ਦੇ ਰਿਹਾ ਹੈ।

**ਅ ਜੂਇ ਆਬ ਬੜ੍ਹ ਕਰ, ਹੋ ਦਰਯਾਏ ਤੂੰ ਦੋ ਤੇਜ**

**ਸ਼ਾਹਿਲ ਤੁਝੇ ਅਤਾਅ ਹੋ, ਸਾਹਿਲ ਨ ਕਰ ਕਬੂਲ ਤਥਾ।**

**ਇਸ ਦੋਰ ਕੀ ਜ਼ਲਮਤ ਮੈਂ, ਹਰ ਕਲਬਿ ਪ੍ਰੇਸ਼ਾ ਕੇ**

**ਵੁਹ ਦਾਗਿ ਮੁਹਬਤ ਦੋ, ਜੋ ਚਾਂਦ ਕੋ ਸ਼ਰਮਾ ਦੇ**

**ਜੂਇ** - ਆਬ-ਪਾਣੀ ਦੀ ਨਹਿਰ। ਬੜ੍ਹ ਅਗੇ ਵਧਕੇ । ਤੂੰ ਦੇ ਤੇਜ-ਤੂਫਾਨੀ। ਸਾਹਿਲ-ਕੰਢਾ। ਅਤਾਅ-ਪ੍ਰਾਪਤ ਹੋਵੇ, ਬਖਸ਼ਿਆ ਜਾਵੇ। ਕਬੂਲ-ਪ੍ਰਵਾਨ ਇਸ ਦੌਰੇ-ਜਮਾਨਾ। ਜੁਲਮਤ-ਅਨੇਰਾ (ਅਗਿਆਨਤਾ ਦਾ)। ਕਲਿਬ ਪ੍ਰੇਸ਼ਾ ਕੇ-ਪਰੇਸ਼ਾਨ ਦਿਲ, ਚਿਤਾਤਰ ਤੇ ਘਾਬਰਿਆ ਦਿਲਾ : ਵੁਹ-ਪਆਰ ਦਾ ਨਿਸ਼ਾਨ-ਭਾਵ ਮੁੱਹਬਤ ਭਰੀ ਤੜਪਾ।


ਲਾਂਚ ਕਰਤਾ : ਜਸਬੀਰ ਸਿੰਘ

Mob. : 099881-60484, 62390-45985

Type Setting : Radheshyam Choudhary

Mob. : 098149- 66882